Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 215 08/01/2026 www.samajweekly.com samajweekly @samajweekly samajweekly

ਪੰਜਾਬ ’ਚੋਂ ਨਸ਼ਾ ਲਹਿਰ ਨਾਲ ਖਤਮ ਹੋਵੇਗਾ,ਸਖਤੀ ਨਾਲ ਨਹੀਂ : ਮੁੱਖ ਮੰਤਰੀ ਭਗਵੰਤ ਮਾਨ

ਜਲੰਧਰ । ਪੰਜਾਬ ਵਿੱਚ ਨਸ਼ਿਆਂ ਦੇ ਖ਼ਿਲਾਫ਼ ਜੰਗ ਨੂੰ ਹੋਰ ਤੇਜ਼ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅੱਜ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ ਗਈ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀ, ਸਿੱਖਿਆ ਸ਼ਾਸਤਰੀ ਅਤੇ ਸਥਾਨਕ ਲੋਕ ਮੌਜੂਦ ਸਨ। ਸਮਾਗਮ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਦੇਸ਼ ਦੇ ਹਰ ਸੂਬੇ ਵਿਚ ਨਸ਼ਾ ਹੈ ਪਰ ਪੰਜਾਬ ਨੂੰ ਜ਼ਿਆਦਾ ਬਦਨਾਮ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕੁਇੰਟਲਾਂ ਦੇ ਹਿਸਾਬ ਨਾਲ ਨਸ਼ਾ ਗੁਜਰਾਤ ਵਿਚ ਫੜਿਆ ਜਾਂਦਾ ਹੈ ਪਰ ਉਥੇ ਕੋਈ ਗੱਲ ਨਹੀਂ ਕਰਦਾ ਬੱਸ ਪੰਜਾਬ ਨੂੰ ਬਦਨਾਮ ਕਰਨ ’ਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚੋਂ ਨਸ਼ਾ ਲਹਿਰ ਨਾਲ ਖਤਮ ਹੋਵੇਗਾ ਨਾ ਸਖਤੀ ਦੇ ਨਾਲ। ਉਨ੍ਹਾਂ ਕਿਹਾ ਕਿ ਪੁਲਿਸ ਦੀ ਸਖ਼ਤੀ ਦੇ ਨਾਲ-ਨਾਲ ਪੰਜਾਬ ਦੇ ਲੋਕਾਂ ਦੇ ਸਹਿਯੋਗ ਦੀ ਵੀ ਲੋੜ ਹੈ ਤਾਂ ਹੀ ਪੰਜਾਬ ਦੇ ਮੱਥੇ ਤੋਂ ਇਸ ਨਸ਼ੇ ਰੂਪੀ ਕਲੰਕ ਧੋਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਪੰਜਾਬ ਅੱਗੇ ਹਰ ਮੁਸੀਬਤ ਬੌਨੀ ਬਣ ਜਾਂਦੀ ਅਤੇ ਪੰਜਾਬੀ ਨਸ਼ਾ ਦੀ ਅਲਾਮਤ ਨੂੰ ਬੌਨੀ ਬਣਾ ਕੇ ਹੀ ਦਮ ਲੈਣਗੇ। ਉਨ੍ਹਾਂ ਨਿਯੁਕਤ ਕੀਤੇ ਗਏ ਪਿੰਡਾਂ ਦੇ ਪਹਿਰੇਦਾਰਾਂ ਨੂੰ ਕਿਹਾ ਤੁਸੀਂ ਪਿੰਡਾਂ ਵਿਚ ਨਸ਼ਾ ਤਸਕਰਾ ਦੇ ਖਿਲਾਫ ਪਹਿਰੇ ਦਿਓ ਅਤੇ ਸਰਕਾਰ ਤੁਹਾਡਾ ਸਾਥ ਦੇਵੇਗੀ। ਇਸ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਨਸ਼ਿਆਂ ਦੇ ਖ਼ਿਲਾਫ਼ ਪੰਜਾਬ

ਵਿੱਚ ਜਿਸ ਪੱਧਰ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ, ਅਜਿਹੀ ਕਿਸੇ ਹੋਰ ਰਾਜ ਵਿੱਚ ਅਜੇ ਤੱਕ ਨਹੀਂ ਹੋਈ। ਉਨ੍ਹਾਂ ਕਿਹਾ ਕਿ ਪਹਿਲਾਂ ਸਰਕਾਰਾਂ ਸਿਰਫ਼ ਦਾਅਵੇ ਹੀ ਕਰਦੀਆਂ ਰਹੀਆਂ, ਪਰ ਜ਼ਮੀਨੀ ਪੱਧਰ 'ਤੇ ਕੋਈ ਬਦਲਾਅ ਦਿਖਾਈ ਨਹੀਂ ਦਿੱਤਾ। ਕੇਜਰੀਵਾਲ ਅਤੇ ਮਾਨ ਨੇ ਵਿਰੋਧੀ ਧਿਰਾਂ, ਖਾਸ ਕਰਕੇ ਬਿਕਰਮ ਸਿੰਘ ਮਜੀਠੀਆ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਪਹਿਲਾਂ ਲੋਕ ਇਨ੍ਹਾਂ ਦਾ ਨਾਮ ਲੈਣ ਤੋਂ ਵੀ ਡਰਦੇ ਸਨ, ਪਰ ਅੱਜ ਕਾਨੂੰਨ ਆਪਣਾ ਕੰਮ ਕਰ ਰਿਹਾ ਹੈ ਅਤੇ ਦੋਸ਼ੀਆਂ ਨੂੰ ਜੇਲ੍ਹ ਦੇ ਪਿੱਛੇ ਸੁੱਟਿਆ ਜਾ ਰਿਹਾ ਹੈ। ਅਰਵਿੰਦ ਕੇਜਰੀਵਾਲ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਨ੍ਹਾਂ ਦੇ ਰਾਜ ਵਿੱਚ ਪੰਜਾਬ ਵਿੱਚ ਨਸ਼ੇ ਦੀਆਂ ਜੜ੍ਹਾਂ ਹੋਰ ਡੂੰਘੀਆਂ ਹੁੰਦੀਆਂ ਗਈਆਂ। ਜਦਿਕ ਉਨ੍ਹਾਂ ਨੇ ਗੁਟਕਾ ਸਾਹਿਬ ਹੱਥ ’ਚ ਫੜ ਕੇ ਸਹੁੰ ਖਾਧੀ ਸੀ ਕਿ ਉਹ ਪੰਜਾਬ ’ਚੋਂ ਨਸ਼ੇ ਨੂੰ ਖਤਮ ਕਰ ਦੇਣਗੇ ਪਰ ਉਨ੍ਹਾਂ ਵੱਲੋਂ ਨਸ਼ਿਆਂ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ। ਕੇਜਰੀਵਾਲ ਨੇ ਦੱਸਿਆ ਕਿ 'ਆਪ' ਸਰਕਾਰ ਆਉਣ ਤੋਂ ਬਾਅਦ ਪੰਜਾਬ ਪੁਲਿਸ ਨੇ ਹੁਣ ਤੱਕ 28,000 ਤੋਂ ਵੱਧ ਕੇਸ ਦਰਜ ਕੀਤੇ ਹਨ, ਜਿਨ੍ਹਾਂ ਵਿੱਚੋਂ 88 ਪ੍ਰਤੀਸ਼ਤ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਸਜ਼ਾ ਮਿਲੀ ਹੈ। ਉਨ੍ਹਾਂ ਕਿਹਾ ਕਿ ਛੋਟੇ ਤੋਂ ਲੈ ਕੇ ਵੱਡੇ ਨਸ਼ਾ ਤਸਕਰ ਤੱਕ ਕਿਸੇ ਨੂੰ ਵੀ ਬਖਸ਼ਿਆ ਨਹੀਂ ਗਿਆ ਅਤੇ ਇੱਕ ਵੀ ਫਰਜ਼ੀ ਕੇਸ ਦਰਜ ਨਹੀਂ ਕੀਤਾ ਗਿਆ। ਉਨ੍ਹਾਂ ਇਹ ਵੀ ਕਿਹਾ ਕਿ ਪਹਿਲੀ ਵਾਰ ਨਸ਼ਾ ਤਸਕਰਾਂ ਦੀ ਨਜਾਇਜ਼ ਕਮਾਈ ਨਾਲ ਬਣਾਏ ਗਏ ਵੱਡੇ-ਵੱਡੇ ਘਰਾਂ ਅਤੇ ਦਫ਼ਤਰਾਂ 'ਤੇ ਸਰਕਾਰ ਨੇ ਬੁਲਡੋਜ਼ਰ ਚਲਾਇਆ ਹੈ।

ਆਪਣੇ ਸੰਬੋਧਨ ਵਿੱਚ ਕੇਜਰੀਵਾਲ ਨੇ ਅੱਗੇ ਕਿਹਾ ਕਿ ਜਿਸ ਨਾਮ ਨੂੰ ਲੈਣ ਤੋਂ ਪੁਰਾਣੇ ਸਿਆਸਤਦਾਨ ਡਰਦੇ ਸਨ, ਉਸ ਅਕਾਲੀ ਆਗੂ ਬਿਕਰਮ ਮਜੀਠੀਆ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜੇਲ੍ਹ ਵਿੱਚ ਡੱਕ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਵਿੱਚ ਹੁਣ ਅਪਰਾਧੀਆਂ ਅਤੇ ਨਸ਼ਾ ਤਸਕਰਾਂ ਲਈ ਕੋਈ ਥਾਂ ਨਹੀਂ ਹੈ।

ਪੰਜਾਬ 'ਚ ਸੀਤ ਲਹਿਰ ਨੇ ਲੋਕਾਂ ਨੂੰ ਛੇੜਿਆ ਕਾਂਬਾ, ਤਾਪਮਾਨ 6 ਡਿਗਰੀ ਸੈਲਸੀਅਸ ਤੱਕ ਡਿੱਗਿਆ

ਚੰਡੀਗੜ੍ਹ। ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਅੱਜ ਸੰਘਣੀ ਧੁੰਦ ਪੈਣ ਦੀ ਸੰਭਾਵਨਾ ਹੈ ਅਤੇ ਚਾਰ ਜ਼ਿਲ੍ਹਿਆਂ ਵਿੱਚ ਸੀਤ ਲਹਿਰ ਦੀ ਸੰਭਾਵਨਾ ਹੈ। ਮੌਸਮ ਵਿਭਾਗ ਨੇ ਇਸ ਸਬੰਧ ਵਿੱਚ ਔਰੇਂਜ ਅਲਰਟ ਜਾਰੀ ਕੀਤਾ ਹੈ। ਮੋਹਾਲੀ, ਨਵਾਂਸ਼ਹਿਰ, ਰੂਪਨਗਰ ਅਤੇ ਪਟਿਆਲਾ ਵਿੱਚ ਵੀ ਠੰਢੇ ਦਿਨਾਂ ਦੀ ਸਥਿਤੀ ਸੰਭਵ ਹੈ। ਪਿਛਲੇ 24 ਘੰਟਿਆਂ ਦੌਰਾਨ, ਸੂਬੇ ਦੇ ਤਾਪਮਾਨ ਵਿਚ ਦੋ ਡਿਗਰੀ ਦੀ ਗਿਰਾਵਟ ਆਈ ਹੈ। ਰਾਤ ਦੇ ਤਾਪਮਾਨ ਵਿੱਚ ਵੀ ਇਸੇ ਤਰ੍ਹਾਂ ਦਾ ਰੁਝਾਨ ਹੈ, ਜੋ ਲਗਾਤਾਰ ਗਿਰਾਵਟ ਦਾ ਕਾਰਨ ਬਣ ਰਿਹਾ ਹੈ। ਬਠਿੰਡਾ ਵਿੱਚ ਸਭ ਤੋਂ ਘੱਟ ਤਾਪਮਾਨ 4.2 ਡਿਗਰੀ ਦਰਜ ਕੀਤਾ ਗਿਆ। ਮੌਸਮ ਵਿਭਾਗ ਦੇ ਅਨੁਸਾਰ, ਉੱਤਰੀ ਪਾਕਿਸਤਾਨ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਇੱਕ ਉੱਚ-ਉਚਾਈ ਵਾਲਾ ਪੱਛਮੀ ਗੜਬੜ ਬਣਿਆ ਹੋਇਆ ਹੈ। ਇਸ ਕਾਰਨ ਤੇਜ਼ ਪੱਛਮੀ ਹਵਾਵਾਂ (ਜੈੱਟ ਸਟ੍ਰੀਮ) ਅਤੇ ਸੀਤ ਲਹਿਰ ਦੀਆਂ ਸਥਿਤੀਆਂ ਪੈਦਾ ਹੋ ਰਹੀਆਂ ਹਨ। ਇਸ ਦੌਰਾਨ, ਅੰਮ੍ਰਿਤਸਰ ਵਿੱਚ ਦ੍ਰਿਸ਼ਟੀ ਜ਼ੀਰੋ, ਹਲਵਾਰਾ ਵਿੱਚ ਜ਼ੀਰੋ, ਬੱਲੋਵਾਲ ਸੌਂਖਰੀ ਵਿੱਚ 10 ਮੀਟਰ ਅਤੇ ਬਠਿੰਡਾ ਵਿੱਚ 150 ਮੀਟਰ ਦਰਜ ਕੀਤੀ ਗਈ। ਅੱਜ ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਲੁਧਿਆਣਾ, ਫ਼ਤਿਹਗੜ੍ਹ ਸਾਹਿਬ, ਪਟਿਆਲਾ ਵਿੱਚ ਬਹੁਤ ਸੰਘਣੀ ਧੁੰਦ ਪੈਣ ਦੀ ਸੰਭਾਵਨਾ ਹੈ। ਇਸੇ ਤਰ੍ਹਾਂ ਪਠਾਨਕੋਟ, ਗੁਰਦਾਸਪੁਰ, ਤਰਨਤਾਰਨ, ਹੁਸ਼ਿਆਰਪੁਰ, ਨਵਾਂਸ਼ਹਿਰ, ਫਿਰੋਜ਼ਪੁਰ, ਫਾਜ਼ਿਲਕਾ, ਫ਼ਰੀਦਕੋਟ, ਮੁਕਤਸਰ ਸਾਹਿਬ, ਮੋਗਾ, ਬਠਿੰਡਾ, ਬਰਨਾਲਾ, ਮਾਨਸਾ, ਸੰਗਰੂਰ, ਰੂਪਨਗਰ, ਐਸ.ਏ.ਐਸ.ਨਗਰ (ਮੋਹਾਲੀ), ਮਲੇਰਕੋਟਲਾ ਵਿੱਚ ਸੰਘਣੀ ਧੁੰਦ ਪਵੇਗੀ। ਜਦੋਂ ਕਿ ਨਵਾਂਸ਼ਹਿਰ, ਰੂਪਨਗਰ, ਪਟਿਆਲਾ, ਐਸਏਐਸ ਨਗਰ (ਮੁਹਾਲੀ) ਅਤੇ ਰਾਜਸਥਾਨ ਦੇ ਨਾਲ ਲੱਗਦੇ ਜ਼ਿਲ੍ਹਿਆਂ ਜਿਵੇਂ ਕਿ ਫ਼ਾਜ਼ਿਲਕਾ, ਮੁਕਤਸਰ ਸਾਹਿਬ, ਬਠਿੰਡਾ, ਮਾਨਸਾ ਵਿੱਚ ਕੋਲਡ ਡੇਅ ਦੀ ਸਥਿਤੀ ਬਣ ਸਕਦੀ ਹੈ।

ਦਿੱਲੀ ਦੇ ਬਾਜ਼ਾਰਾਂ ’ਚ ਚਾਂਦੀ ਦੀ ਕੀਮਤ ਨੇ ਨਵਾਂ ਰੀਕਾਰਡ ਛੂਹਿਆ

ਨਵੀਂ ਦਿੱਲੀ । ਆਲ ਇੰਡੀਆ ਸਰਾਫਾ ਐਸੋਸੀਏਸ਼ਨ ਮੁਤਾਬਕ ਮਜ਼ਬੂਤ ਸੁਰੱਖਿਅਤ ਮੰਗ ਅਤੇ ਮਜ਼ਬੂਤ ਉਦਯੋਗਿਕ ਖਰੀਦ ਦੇ ਵਿਚਕਾਰ ਬੁਧਵਾਰ ਨੂੰ ਕੌਮੀ ਰਾਜਧਾਨੀ ’ਚ ਚਾਂਦੀ ਦੀਆਂ ਕੀਮਤਾਂ 5,000 ਰੁਪਏ ਵਧ ਕੇ 2,56,000 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਨਵੇਂ ਰੀਕਾਰਡ ਉਤੇ ਪਹੁੰਚ ਗਈਆਂ। ਵਪਾਰੀਆਂ ਨੇ ਕਿਹਾ ਕਿ ਅਮਰੀਕਾ ਅਤੇ ਵੈਨੇਜ਼ੁਏਲਾ ਦੇ ਵਿਚਕਾਰ ਵਧਦੇ ਤਣਾਅ ਨੇ ਸੁਰੱਖਿਅਤ-ਪਨਾਹ ਦੀ ਖਿੱਚ ਨੂੰ ਵਧਾ ਦਿਤਾ ਹੈ, ਜਦਕਿ ਸਪਲਾਈ ਦੀਆਂ ਰੁਕਾਵਟਾਂ ਅਤੇ ਮਜ਼ਬੂਤ ਉਦਯੋਗਿਕ ਵਰਤੋਂ ਨੇ ਵੀ ਚਾਂਦੀ ਦੀਆਂ ਕੀਮਤਾਂ ਨੂੰ ਹੋਰ ਵਧਾ ਦਿਤਾ। ਇਕ ਮਾਹਰ ਨੇ ਕਿਹਾ, ‘‘ਚਾਂਦੀ ਦੀਆਂ ਕੀਮਤਾਂ ਨਿਵੇਸ਼ਕਾਂ ਵਲੋਂ ਨਿਰੰਤਰ ਖਰੀਦਦਾਰੀ ਅਤੇ ਚਾਂਦੀ ਉਤੇ ਚੀਨ ਦੀਆਂ ਨਿਰਯਾਤ ਪਾਬੰਦੀਆਂ ਕਾਰਨ ਵੀ ਵਧੀਆਂ, ਜੋ 1 ਜਨਵਰੀ ਤੋਂ

ਲਾਗੂ ਹੋ ਗਈਆਂ ਸਨ।’’ ਇਸ ਦੌਰਾਨ 99.9 ਫੀ ਸਦੀ ਸ਼ੁੱਧਤਾ ਵਾਲੇ ਸੋਨੇ ਦੀ ਕੀਮਤ 100 ਰੁਪਏ ਦੀ ਮਾਮੂਲੀ ਗਿਰਾਵਟ ਨਾਲ 1,41,400 ਰੁਪਏ ਪ੍ਰਤੀ 10 ਗ੍ਰਾਮ ਉਤੇ ਆ ਗਈ। ਐਚ.ਡੀ.ਐਫ.ਸੀ. ਸਕਿਓਰਿਟੀਜ਼ ਦੇ ਸੀਨੀਅਰ ਵਿਸ਼ਲੇਸ਼ਕ (ਕਮੋਡਿਟੀਜ਼) ਸੌਮਿਲ ਗਾਂਧੀ ਨੇ ਕਿਹਾ, ‘‘ਬੁਧਵਾਰ ਨੂੰ ਸੋਨੇ ਦੀਆਂ ਕੀਮਤਾਂ ਵਿਚ ਥੋੜ੍ਹੀ ਜਿਹੀ ਗਿਰਾਵਟ ਆਈ ਕਿਉਂਕਿ ਨਿਵੇਸ਼ਕਾਂ ਨੇ ਹਾਲ ਹੀ ਵਿਚ ਹੋਏ ਵਾਧੇ ਤੋਂ ਬਾਅਦ ਮੁਨਾਫਾ ਕਮਾਇਆ।’’

ਹਿਮਾਚਲ ’ਚ 200 ਸਾਲ ਪੁਰਾਣੇ ਇਤਿਹਾਸਕ ਜੁੰਗਾ ਪੈਲੇਸ ਨੂੰ ਲੱਗੀ ਅੱਗ

ਸ਼ਿਮਲਾ। ਹਿਮਾਚਲ ਪ੍ਰਦੇਸ਼ ਦੀ ਰਾਜਧਾਨੀ ਸ਼ਿਮਲਾ ਤੋਂ ਲਗਭਗ 26 ਕਿਲੋਮੀਟਰ ਦੂਰ ਸਥਿਤ ਇਤਿਹਾਸਕ ਜੁੰਗਾ ਪੈਲੇਸ ਬੁੱਧਵਾਰ ਨੂੰ ਭਿਆਨਕ ਅੱਗ ਦੀ ਲਪੇਟ ਵਿੱਚ ਆਉਣ ਕਾਰਨ ਪੂਰੀ ਤਰ੍ਹਾਂ ਤਬਾਹ ਹੋ ਗਿਆ। ਅਧਿਕਾਰੀਆਂ ਅਨੁਸਾਰ ਇਹ ਹਾਦਸਾ ਦੁਪਹਿਰ ਕਰੀਬ 1:00 ਵਜੇ ਵਾਪਰਿਆ, ਜਿਸ ਤੋਂ ਬਾਅਦ ਅੱਗ ਨੇ ਤੇਜ਼ੀ ਨਾਲ ਪੂਰੀ ਇਮਾਰਤ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਖ਼ਬਰ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ ਚਾਰ ਗੱਡੀਆਂ ਮੌਕੇ ’ਤੇ ਪਹੁੰਚੀਆਂ ਅਤੇ ਅੱਗ ’ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ। ਖੁਸ਼ਕਿਸਮਤੀ ਰਹੀ ਕਿ ਇਸ ਘਟਨਾ ਵਿੱਚ ਕਿਸੇ ਜਾਨੀ ਨੁਕਸਾਨ ਨਹੀਂ ਹੋਇਆ। ਫਿਲਹਾਲ ਇਸ ਘਟਨਾ ਸਬੰਧੀ ਜਾਂਚ ਜਾਰੀ ਹੈ।

ਲੋਕ ਕੁੱਤਿਆਂ ਕਰਕੇ ਕਦੋ ਤੱਕ ਝੱਲਣਗੇ ਪਰੇਸ਼ਾਨੀਆਂ: ਸੁਪਰੀਮ ਕੋਰਟ

ਨਵੀਂ ਦਿੱਲੀ। ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਆਵਾਰਾ ਕੁੱਤਿਆਂ ਨਾਲ ਸਬੰਧਤ ਇੱਕ ਮਾਮਲੇ ਦੀ ਸੁਣਵਾਈ ਕੀਤੀ। ਬਹਿਸ ਦੌਰਾਨ ਕੁੱਤਿਆਂ ਦੇ ਵਿਵਹਾਰ, ਕੁੱਤਿਆਂ ਦੀ ਸਲਾਹ, ਭਾਈਚਾਰਕ ਕੁੱਤੇ ਅਤੇ ਸੰਸਥਾਗਤ ਕੁੱਤੇ ਵਰਗੇ ਸ਼ਬਦ ਉੱਠੇ। ਅਦਾਲਤ ਨੇ ਕਿਹਾ ਕਿ ਮੁੱਦਾ ਸਿਰਫ਼ ਕੁੱਤਿਆਂ ਦੇ ਕੱਟਣ ਦਾ ਨਹੀਂ ਹੈ। ਜਦੋਂ ਕੁੱਤੇ ਸੜਕਾਂ 'ਤੇ ਭੱਜਦੇ ਹਨ ਜਾਂ ਲੋਕਾਂ ਦਾ ਪਿੱਛਾ ਕਰਦੇ ਹਨ, ਤਾਂ ਉਹ ਹਾਦਸਿਆਂ ਦਾ ਖ਼ਤਰਾ ਪੈਦਾ ਕਰਦੇ ਹਨ। ਇਸ ਲਈ, ਇਲਾਜ ਨਾਲੋਂ ਰੋਕਥਾਮ ਬਿਹਤਰ ਹੈ। ਕਪਿਲ ਸਿੱਬਲ, ਜੋ ਬਹਿਸ ਦੌਰਾਨ ਆਵਾਰਾ ਕੁੱਤਿਆਂ ਦੀ ਵਕਾਲਤ ਕਰ ਰਹੇ ਸਨ, ਨੇ ਕਿਹਾ ਕਿ ਲੋਕ ਕੇਂਦਰ ਨੂੰ ਕਾਲ ਕਰ ਸਕਦੇ ਹਨ ਤਾਂ ਜੋ ਉਨ੍ਹਾਂ ਨੂੰ ਫੜਿਆ ਜਾ ਸਕੇ ਅਤੇ ਨਸਬੰਦੀ ਕੀਤੀ ਜਾ ਸਕੇ। ਅਦਾਲਤ ਨੇ ਫਿਰ ਕਿਹਾ, "ਹੁਣ ਸਿਰਫ਼ ਕੁੱਤਿਆਂ ਦੀ ਸਲਾਹ ਦੇਣਾ ਹੀ ਬਚਿਆ ਹੈ ਤਾਂ ਜੋ ਉਹ ਛੱਡਣ 'ਤੇ ਕੱਟ ਨਾ ਸਕਣ।" ਅਦਾਲਤ ਨੇ ਹੋਰ ਸਖ਼ਤ ਟਿੱਪਣੀ ਕੀਤੀ, ਪੁੱਛਿਆ ਕਿ ਕੁੱਤਿਆਂ ਕਾਰਨ ਜਨਤਾ ਕਿੰਨੀ ਦੇਰ ਤੱਕ ਪੀੜਤ ਰਹੇਗੀ। ਅਦਾਲਤ ਨੇ ਸਪੱਸ਼ਟ ਕੀਤਾ ਕਿ ਇਸਦਾ ਹੁਕਮ ਸਿਰਫ਼ ਸੰਸਥਾਗਤ ਖੇਤਰਾਂ 'ਤੇ ਲਾਗੂ ਹੁੰਦਾ ਹੈ, ਗਲੀਆਂ 'ਤੇ ਨਹੀਂ। ਬੈਂਚ ਨੇ ਸਕੂਲ, ਹਸਪਤਾਲ ਅਤੇ ਅਦਾਲਤ ਦੇ ਅਹਾਤੇ ਦੇ ਅੰਦਰ ਆਵਾਰਾ ਕੁੱਤਿਆਂ ਦੀ ਜ਼ਰੂਰਤ 'ਤੇ ਸਵਾਲ ਉਠਾਇਆ, ਅਤੇ ਉਨ੍ਹਾਂ ਨੂੰ ਹਟਾਉਣ 'ਤੇ ਕੀ ਇਤਰਾਜ਼ ਹੋ ਸਕਦਾ ਹੈ।

ਇਸ ਦੌਰਾਨ, ਸਿੱਬਲ ਨੇ ਕਿਹਾ, "ਜਦੋਂ ਵੀ ਮੈਂ ਮੰਦਰਾਂ ਆਦਿ ਵਿੱਚ ਗਿਆ ਹਾਂ, ਕਿਸੇ ਨੇ ਮੈਨੂੰ ਕਦੇ ਨਹੀਂ ਵੱਢਿਆ।" ਸੁਪਰੀਮ ਕੋਰਟ ਨੇ ਜਵਾਬ ਦਿੱਤਾ, "ਤੁਸੀਂ ਖੁਸ਼ਕਿਸਮਤ ਹੋ। ਲੋਕਾਂ ਨੂੰ ਵੱਢਿਆ ਜਾ ਰਿਹਾ ਹੈ, ਬੱਚਿਆਂ ਨੂੰ ਵੱਢਿਆ ਜਾ ਰਿਹਾ ਹੈ। ਲੋਕ ਮਰ ਰਹੇ ਹਨ।" ਮਾਮਲੇ ਦੀ ਸੁਣਵਾਈ ਬੁੱਧਵਾਰ ਨੂੰ ਢਾਈ ਘੰਟੇ ਚੱਲੀ। ਅਗਲੀ ਸੁਣਵਾਈ 8 ਜਨਵਰੀ ਨੂੰ ਸਵੇਰੇ 10:30 ਵਜੇ ਮੁੜ ਸ਼ੁਰੂ ਹੋਵੇਗੀ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਅਮਰੀਕਾ 'ਚ ਦੋ ਪੰਜਾਬੀ ਟਰੱਕ ਡਰਾਈਵਰ ਕਰੋੜਾਂ ਦੀ ਕੋਕੀਨ ਸਮੇਤ ਕਾਬੂ

ਚੰਡੀਗੜ੍ਹ । ਭਾਰਤੀ ਮੂਲ ਦੇ ਦੋ ਵਿਅਕਤੀਆਂ ਗੁਰਪ੍ਰੀਤ ਸਿੰਘ ਤੇ ਜਸਵੀਰ ਸਿੰਘ ਨੂੰ ਅਮਰੀਕਾ ਵਿਚ ਇੰਡੀਆਨਾ ਪੁਲਿਸ ਨੇ ਕਰੋੜਾਂ ਰੁਪਏ ਦੇ ਨਸ਼ੀਲੇ ਪਦਾਰਥ (ਕੋਕੀਨ) ਸਮੇਤ ਗ੍ਰਿਫ਼ਤਾਰ ਕਰ ਲਿਆ ਹੈ। ਗ੍ਰਿਫ਼ਤਾਰ ਕਰ ਲਿਆ ਹੈ। ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾਂ ’ਚੋਂ ਇਕ ਗੁਰਪ੍ਰੀਤ ਸਿੰਘ ਮਾਛੀਵਾੜਾ ਇਲਾਕੇ ਨਾਲ ਸਬੰਧਤ ਦੱਸਿਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਪ੍ਰੀਤ ਸਿੰਘ ਤੇ ਜਸਵੀਰ ਸਿੰਘ ਦੋਵੇਂ ਅਮਰੀਕਾ ਵਿਖੇ ਟਰੱਕ ਚਲਾਉਣ ਦਾ ਕੰਮ ਕਰਦੇ ਸਨ, ਜਿਨ੍ਹਾਂ ਨੂੰ ਇੰਡੀਆਨਾ ਪੁਲਿਸ ਵੱਲੋਂ ਜਾਂਚ ਲਈ ਰੋਕਿਆ। ਪੁਲਿਸ ਨੂੰ ਸ਼ੱਕ ਸੀ ਕਿ ਉਹ

ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਕਰ ਰਹੇ ਹਨ ਅਤੇ ਜਦੋਂ ਪੁਲਿਸ ਵੱਲੋਂ ਤਲਾਸ਼ੀ ਲਈ ਗਈ ਤਾਂ ਟਰੱਕ ਦੇ ਸਲੀਪਰ ਬਰਥ ’ਚੋਂ 300 ਪੌਂਡ ਤੋਂ ਵੱਧ ਕੋਕੀਨ ਮਿਲੀ। ਇਨ੍ਹਾਂ ਨਸ਼ੀਲੇ ਪਦਾਰਥਾਂ ਦੀ ਅੰਤਰਾਸ਼ਟਰੀ ਬਾਜ਼ਾਰ ’ਚ ਕੀਮਤ 7 ਮਿਲੀਅਨ ਡਾਲਰ ਹੈ ਜਦਕਿ ਭਾਰਤੀ ਕਰੰਸੀ ਨਾਲ ਇਸ ਦੀ ਕੀਮਤ 63 ਕਰੋੜ ਰੁਪਏ ਤੋਂ ਵੱਧ ਬਣਦੀ ਹੈ। ਪੁਲਿਸ ਨੇ ਦੋਵਾਂ ਨੂੰ ਗ੍ਰਿਫ਼ਤਾਰ ਕਰ ਕੇ ਪੁਟਨਮ ਕਾਊਂਟੀ ਜੇਲ੍ਹ ਭੇਜ ਦਿੱਤਾ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

ਮਸਜਿਦ ਨੇੜੇ ਨਾਜਾਇਜ਼ ਕਬਜ਼ੇ ਹਟਾਉਣ ਦੌਰਾਨ ਝੜਪ, 5 ਪੁਲੀਸ ਕਰਮੀ ਜ਼ਖਮੀ

ਨਵੀਂ ਦਿੱਲੀ। ਦਿੱਲੀ ਦੇ ਰਾਮਲੀਲਾ ਮੈਦਾਨ ਇਲਾਕੇ ਵਿੱਚ ਅੱਜ ਤੜਕੇ ਇੱਕ ਮਸਜਿਦ ਦੇ ਨੇੜੇ ਨਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਦੌਰਾਨ ਹੋਈ ਹਿੰਸਾ ਵਿੱਚ ਪੰਜ ਪੁਲੀਸ ਕਰਮਚਾਰੀ ਜ਼ਖਮੀ ਹੋ ਗਏ। ਇਹ ਝੜਪਾਂ ਉਸ ਸਮੇਂ ਸ਼ੁਰੂ ਹੋਈਆਂ ਜਦੋਂ ਦਿੱਲੀ ਹਾਈ ਕੋਰਟ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਦਿੱਲੀ ਨਗਰ ਨਿਗਮ ਦੇ ਅਧਿਕਾਰੀ ਤੁਰਕਮਾਨ ਗੇਟ ਸਥਿਤ ਸਈਅਦ ਫੈਜ਼ ਇਲਾਹੀ ਮਸਜਿਦ ਅਤੇ ਨੇੜਲੇ ਕਬਰਸਤਾਨ ਨਾਲ ਲੱਗਦੀ ਜ਼ਮੀਨ ਤੇ ਨਾਜ਼ਾਇਜ਼ ਜਬਜ਼ੇ ਹਟਾਉਣ ਦੀ ਕਾਰਵਾਈ ਕਰ ਰਹੇ ਸਨ। ਦਿੱਲੀ ਪੁਲੀਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂ ਕੀਤੀ ਗਈ ਅਤੇ ਘਟਨਾ ਤੋਂ ਕੁਝ ਦੇਰ ਬਾਅਦ ਹੀ ਸਥਿਤੀ ਨੂੰ ਆਮ ਵਾਂਗ ਕਰ ਦਿੱਤਾ ਗਿਆ। ਅਪਰੇਸ਼ਨ ਦੌਰਾਨ ਕੁਝ ਲੋਕਾਂ ਨੇ ਕਥਿਤ ਤੌਰ ਤੇ ਪਥਰਾਅ ਕੀਤਾ, ਜਿਸ ਕਾਰਨ ਮੌਕੇ ਤੇ ਹਫੜਾ-ਦਫੜੀ ਮਚ ਗਈ। ਪੁਲੀਸ ਨੇ ਬਾਅਦ ਵਿੱਚ ਕਿਹਾ ਕਿ ਸੀਮਤ ਬਲ ਦੀ ਵਰਤੋਂ ਕਰਕੇ ਸਥਿਤੀ ਨੂੰ ਕਾਬੂ ਵਿੱਚ ਲਿਆਂਦਾ ਗਿਆ। ਡਿਪਟੀ ਕਮਿਸ਼ਨਰ ਆਫ਼ ਪੁਲੀਸ (ਸੈਂਟਰਲ) ਨਿਧੀਨ ਵਲਸਨ ਨੇ ਦੱਸਿਆ ਕਿ ਐਮ ਸੀ ਡੀ ਨੇ ਬੀਤੀ ਦਰਮਿਆਨੀ ਰਾਤ ਤੋੜ-ਭੰਨ ਦਾ ਸਮਾਂ ਤੈਅ ਕੀਤਾ ਸੀ, ਜਿਸ ਤੋਂ ਬਾਅਦ ਪੁਲੀਸ ਕਰਮਚਾਰੀ ਤਾਇਨਾਤ ਕੀਤੇ ਗਏ ਸਨ, ਪਰ ਜਦੋਂ ਜੇ.ਸੀ.ਬੀ. ਸਮੇਤ ਐਮ ਸੀ ਡੀ ਦੀ ਮਸ਼ੀਨਰੀ ਪਹੁੰਚਣ ਵਾਲੀ ਸੀ ਤਾਂ ਕਰੀਬ 100-150 ਲੋਕ ਇਕੱਠੇ ਹੋ ਗਏ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਲੋਕ ਸਮਝਾਉਣ ਤੋਂ ਬਾਅਦ ਚਲੇ ਗਏ, ਹਾਲਾਂਕਿ ਕੁਝ ਨੇ ਹੰਗਾਮਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਪਥਰਾਅ ਕੀਤਾ, ਜਿਸ ਵਿੱਚ ਪੰਜ ਪੁਲੀਸ ਮੁਲਾਜ਼ਮਾਂ ਨੂੰ ਮਾਮੂਲੀ ਸੱਟਾਂ

ਲੱਗੀਆਂ ਅਤੇ ਉਨ੍ਹਾਂ ਦਾ ਇਲਾਜ ਕਰਵਾਇਆ ਗਿਆ। ਅਧਿਕਾਰੀ ਨੇ ਦੱਸਿਆ ਕਿ ਫੈਜ਼-ਏ-ਇਲਾਹੀ ਮਸਜਿਦ ਦੇ ਨੇੜੇ ਇੱਕ ਬੈਂਕੁਏਟ ਹਾਲ ਅਤੇ ਇੱਕ ਡਿਸਪੈਂਸਰੀ, ਜਿਨ੍ਹਾਂ ਨੂੰ ਅਦਾਲਤ ਵੱਲੋਂ ਨਜਾਇਜ਼ ਕਬਜ਼ਾ ਘੋਸ਼ਿਤ ਕੀਤਾ ਗਿਆ ਸੀ,ਨੂੰ ਮੁਹਿੰਮ ਦੌਰਾਨ ਢਾਹ ਦਿੱਤਾ ਗਿਆ। ਇੱਕ ਅਧਿਕਾਰੀ ਨੇ ਦੱਸਿਆ ਕਿ ਦਿੱਲੀ ਪੁਲੀਸ ਨੇ ਅੱਜ ਦਿੱਲੀ ਦੇ ਰਾਮਲੀਲਾ ਮੈਦਾਨ ਇਲਾਕੇ ਵਿੱਚ ਸਈਅਦ ਫੈਜ਼ ਇਲਾਹੀ ਮਸਜਿਦ ਦੇ ਨੇੜੇ ਨਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਦੌਰਾਨ ਭੜਕੀ ਹਿੰਸਾ ਦੇ ਸਬੰਧ ਵਿੱਚ ਇੱਕ ਐਫ ਆਈ ਆਰ ਦਰਜ ਕੀਤੀ ਹੈ ਅਤੇ ਕਈ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ। ਕੁਝ ਲੋਕਾਂ ਨੇ ਕਥਿਤ ਤੌਰ ਤੇ ਫੋਰਸ ਤੇ ਪਥਰਾਅ ਕੀਤਾ ਅਤੇ ਕੱਚ ਦੀਆਂ ਬੋਤਲਾਂ ਸੁੱਟੀਆਂ,ਜਦੋਂ ਦਿੱਲੀ ਨਗਰ ਨਿਗਮ ਮਸਜਿਦ ਅਤੇ ਨੇੜਲੇ ਕਬਰਸਤਾਨ ਨਾਲ ਲੱਗਦੀ ਜ਼ਮੀਨ ਤੇ ਅਦਾਲਤ ਦੇ ਹੁਕਮਾਂ ਅਨੁਸਾਰ ਤੋੜ-ਫੋੜ ਦੀ ਕਾਰਵਾਈ ਕਰ ਰਹੀ ਸੀ।

ਅਧਿਕਾਰੀ ਨੇ ਅੱਗੇ ਕਿਹਾ ਕਿ ਜਿੱਥੇ ਪਥਰਾਅ ਦੀ ਘਟਨਾ ਵਿੱਚ ਸ਼ਾਮਲ ਲੋਕਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉੱਥੇ ਹੀ ਪੁਲੀਸ ਇਸ ਗੱਲ ਦੀ ਵੀ ਜਾਂਚ ਕਰ ਰਹੀ ਹੈ ਕਿ ਕੀ ਹਿੰਸਾ ਅਚਾਨਕ ਹੋਈ ਸੀ ਜਾਂ ਯੋਜਨਾਬੱਧ ਸੀ। ਸੀਨੀਅਰ ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਸ਼ਰਾਰਤੀ ਅਨਸਰਾਂ ਦੀ ਪਛਾਣ ਕਰਨ ਲਈ ਸੀਸੀਟੀਵੀ ਫੁਟੇਜ ਅਤੇ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀਆਂ ਵੀਡੀਓ ਕਲਿੱਪਾਂ ਦੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਦੇ ਹਿੱਸੇ ਵਜੋਂ ਗਵਾਹਾਂ ਅਤੇ ਹਿਰਾਸਤ ਵਿੱਚ ਲਏ ਗਏ ਵਿਅਕਤੀਆਂ ਦੇ ਬਿਆਨ ਵੀ ਦਰਜ ਕੀਤੇ ਜਾ ਰਹੇ ਹਨ।

ਸੀਨੀਅਰ ਕਾਂਗਰਸੀ ਨੇਤਾ ਦਾ ਚਾਕੂ ਮਾਰ ਕੇ ਕਤਲ

ਮੁੰਬਈ। ਮਹਾਰਾਸ਼ਟਰ ਕਾਂਗਰਸ ਦੇ ਉਪ ਪ੍ਰਧਾਨ ਹਿਦਾਇਤੁੱਲਾ ਪਟੇਲ ਦਾ ਕਤਲ ਕਰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਅਕੋਲਾ ਜ਼ਿਲ੍ਹੇ ਦੀ ਇੱਕ ਮਸਜਿਦ ਵਿੱਚ ਚਾਕੂ ਮਾਰਿਆ ਗਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ। ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ। ਹਮਲੇ ਦੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਹਮਲਾਵਰ ਨੇ ਬੀਤੀ ਦੁਪਹਿਰ 1:30 ਵਜੇ ਪੁਰਾਣੀ ਰੰਜਿਸ਼ ਕਾਰਨ 66 ਸਾਲਾ ਹਿਦਾਇਤੁੱਲਾ ਤੇ ਹਮਲਾ ਕੀਤਾ। ਉਹ ਅਕੋਲਾ ਜ਼ਿਲ੍ਹੇ ਦੇ ਅਕੋਟ ਤਾਲੁਕਾ ਦੇ ਪਿੰਡ ਮੋਹਲਾ ਵਿੱਚ ਸਥਿਤ ਮਸਜਿਦ ਵਿੱਚ ਨਮਾਜ਼ ਅਦਾ ਕਰਨ ਗਏ ਸਨ। ਜਦੋਂ ਉਹ ਨਮਾਜ਼ ਅਦਾ ਕਰਕੇ ਬਾਹਰ ਆਉਣ ਹੀ ਵਾਲੇ ਸਨ ਤਾਂ ਉਨ੍ਹਾਂ ਤੇ ਚਾਕੂ ਨਾਲ ਹਮਲਾ ਕਰ ਦਿੱਤਾ ਗਿਆ। ਇਸ ਘਟਨਾ ਵਿੱਚ ਉਹ ਗੰਭੀਰ ਜ਼ਖਮੀ ਹੋ ਗਏ ਅਤੇ ਅੰਤ ਵਿੱਚ ਉਨ੍ਹਾਂ ਦੀ ਮੌਤ ਹੋ ਗਈ। ਹਿਦਾਇਤੁੱਲਾ ਨੇ ਕਾਂਗਰਸ ਦੀ ਟਿਕਟ ਤੇ ਅਕੋਲਾ ਲੋਕ ਸਭਾ ਹਲਕੇ ਤੋਂ 2019 ਦੀਆਂ ਆਮ ਚੋਣਾਂ ਵੀ ਲੜੀਆਂ ਸਨ। ਪੁਲੀਸ ਦਾ ਕਹਿਣਾ ਹੈ ਕਿ ਹਿਦਾਇਤੁੱਲਾ ਦੀ ਛਾਤੀ ਅਤੇ ਗਰਦਨ ਤੇ ਚਾਕੂ ਦੇ ਕਈ ਜ਼ਖ਼ਮ ਸਨ। ਉਨ੍ਹਾਂ ਦਾ ਬਹੁਤ ਜ਼ਿਆਦਾ ਖੂਨ ਵਹਿ ਰਿਹਾ ਸੀ, ਅਤੇ

ਡਾਕਟਰਾਂ ਦੀਆਂ ਪੂਰੀਆਂ ਕੋਸ਼ਿਸ਼ਾਂ ਦੇ ਬਾਵਜੂਦ, ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ। ਹਮਲੇ ਤੋਂ ਤੁਰੰਤ ਬਾਅਦ ਉਸਨੂੰ ਇੱਕ ਨਿੱਜੀ ਹਸਪਤਾਲ ਲਿਜਾਇਆ ਗਿਆ ਅਤੇ ਇੰਟੈਂਸਿਵ ਕੇਅਰ ਯੂਨਿਟ ਵਿੱਚ ਰੱਖਿਆ ਗਿਆ, ਜਿੱਥੇ ਅੱਜ ਸਵੇਰੇ ਉਸਦੀ ਮੌਤ ਹੋ ਗਈ। ਜ਼ਿਕਰਯੋਗ ਹੈ ਕਿ ਘਟਨਾ ਤੋਂ ਤੁਰੰਤ ਬਾਅਦ ਪੁਲੀਸ ਮੌਕੇ ਤੇ ਪਹੁੰਚੀ ਅਤੇ ਫੋਰੈਂਸਿਕ ਜਾਂਚ ਲਈ ਸਬੂਤ ਇਕੱਠੇ ਕੀਤੇ। ਹਮਲਾਵਰ ਦੀ ਪਛਾਣ 22 ਸਾਲਾ ਉਬੇਦ ਖਾਨ ਕਾਲੂ ਖਾਨ ਵਜੋਂ ਹੋਈ ਹੈ। ਉਸਨੂੰ ਬੀਤੀ ਰਾਤ 8 ਵਜੇ ਦੇ ਕਰੀਬ ਗ੍ਰਿਫ਼ਤਾਰ ਕੀਤਾ ਗਿਆ ਸੀ। ਘਟਨਾ ਤੋਂ ਬਾਅਦ ਅਕੋਟ ਕਸਬੇ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ। ਪੁਲੀਸ ਦਾ ਕਹਿਣਾ ਹੈ ਕਿ ਹਿਦਾਇਤੁੱਲਾ ਦੀ ਕਥਿਤ ਤੌਰ ਤੇ ਦੋਸ਼ੀ ਦੇ ਪਰਿਵਾਰ ਨਾਲ ਪੁਰਾਣੀ ਰੰਜਿਸ਼ ਸੀ, ਜਿਸ ਕਾਰਨ ਇਹ ਹਮਲਾ ਹੋਇਆ।

SHAM LAL CHANDER ID no. 921760
BUILDING MAINTENANCE HANDYMAN
(CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

ਬ੍ਰਿਟੇਨ ਦੀ ਸਰਗਰਮ ਭੂਮਿਕਾ ਨਾਲ ਅਮਰੀਕਾ ਵੱਲੋਂ 'ਸ਼ੈਡੋ ਫਲੀਟ' ਟੈਂਕਰ 'ਤੇ ਘੇਰਾ, ਰੂਸ ਨੇ ਪਣਡੁੱਬੀ ਅਤੇ ਜਲ ਸੈਨਾ ਜਹਾਜ਼ ਉਤਾਰੇ

ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ) ਉੱਤਰੀ ਅਟਲਾਂਟਿਕ ਮਹਾਸਾਗਰ 'ਚ ਅਮਰੀਕਾ, ਬ੍ਰਿਟੇਨ ਅਤੇ ਰੂਸ ਦਰਮਿਆਨ ਤਣਾਅ ਗੰਭੀਰ ਰੂਪ ਧਾਰ ਚੁੱਕਾ ਹੈ। ਰਿਪੋਰਟਾਂ ਅਨੁਸਾਰ ਬ੍ਰਿਟੇਨ ਦੀ ਸਹਾਇਤਾ ਨਾਲ ਅਮਰੀਕਾ ਨੇ ਰੂਸੀ ਸੁਰੱਖਿਆ ਹੇਠ ਚੱਲ ਰਹੇ ਇਕ ਸ਼ੱਕੀ 'ਸ਼ੈਡੋ ਫਲੀਟ' ਤੇਲ ਟੈਂਕਰ 'ਤੇ ਘੇਰਾ ਕੱਸ ਦਿੱਤਾ ਹੈ, ਜਿਸ ਕਾਰਨ ਵਿਸ਼ਵ ਪੱਧਰ 'ਤੇ ਰਣਨੀਤਿਕ ਹਾਲਾਤਾਂ ਨੂੰ ਲੈ ਕੇ ਚਿੰਤਾ ਵਧ ਗਈ ਹੈ।

ਜਾਣਕਾਰੀ ਮੁਤਾਬਕ, ਇਹ ਟੈਂਕਰ ਕਈ ਹਫ਼ਤਿਆਂ ਤੋਂ ਅਮਰੀਕੀ ਨਿਗਰਾਨੀ ਹੇਠ ਸੀ ਅਤੇ ਇਸ 'ਤੇ ਅੰਤਰਰਾਸ਼ਟਰੀ ਪਾਬੰਦੀਆਂ ਤੋਂ ਬਚ ਕੇ ਤੇਲ ਦੀ ਢੁਆਈ ਕਰਨ ਦੇ ਦੋਸ਼ ਲਗੇ ਹੋਏ ਹਨ। ਅਮਰੀਕਾ ਦਾ ਦਾਅਵਾ ਹੈ ਕਿ ਇਹ ਜਹਾਜ਼ ਪਾਬੰਦੀਆਂ ਨੂੰ ਠੇਸ ਪਹੁੰਚਾਉਂਦੇ ਹੋਏ ਗੁਪਤ ਤਰੀਕਿਆਂ ਨਾਲ ਆਪਣੀ ਮੰਜਿਲ ਵੱਲ ਵਧ ਰਿਹਾ ਸੀ। ਇਸ ਕਾਰਨ ਅਮਰੀਕੀ ਫੌਜ ਨੇ ਇਸਨੂੰ ਰੋਕਣ ਲਈ ਵੱਡਾ ਸੈਨਾ ਅਭਿਆਨ ਸ਼ੁਰੂ ਕੀਤਾ।

ਸੂਤਰਾਂ ਅਨੁਸਾਰ, ਇਸ ਕਾਰਵਾਈ 'ਚ ਬ੍ਰਿਟੇਨ ਨੇ ਅਹੰਕਾਰਪੂਰਕ ਭੂਮਿਕਾ ਨਿਭਾਈ, ਜਿੱਥੇ ਉਸ ਨੇ ਆਪਣੇ ਹਵਾਈ ਅਤੇ ਸਮੁੰਦਰੀ ਅੱਡੇ ਅਮਰੀਕੀ ਫੌਜ ਲਈ ਉਪਲਬਧ ਕਰਵਾਏ। ਬ੍ਰਿਟੇਨ ਦੀ ਇਸ ਸਹਾਇਤਾ ਨਾਲ ਅਮਰੀਕੀ ਜੰਗੀ ਜਹਾਜ਼ਾਂ ਅਤੇ ਨਿਗਰਾਨੀ ਹੈਲੀਕਾਪਟਰਾਂ ਨੇ ਟੈਂਕਰ ਦੀ ਹਰਕਤਾਂ 'ਤੇ ਨਜ਼ਰ ਰੱਖੀ ਅਤੇ ਸਮੁੰਦਰੀ ਘੇਰੇ ਨੂੰ ਮਜ਼ਬੂਤ ਕੀਤਾ।

ਦੂਜੇ ਪਾਸੇ, ਟੈਂਕਰ ਨੂੰ ਅਮਰੀਕੀ ਘੇਰੇ 'ਚੋਂ ਬਚਾਉਣ ਲਈ ਰੂਸ ਵੱਲੋਂ ਇੱਕ ਪਣਡੁੱਬੀ ਅਤੇ ਕਈ ਜਲ ਸੈਨਾ ਦੇ ਜਹਾਜ਼ ਤਾਇਨਾਤ ਕੀਤੇ ਜਾਣ ਦੀਆਂ ਰਿਪੋਰਟਾਂ ਹਨ। ਰੂਸੀ ਪੱਖ ਦਾ ਕਹਿਣਾ ਹੈ ਕਿ ਟੈਂਕਰ ਅੰਤਰਰਾਸ਼ਟਰੀ ਕਾਨੂੰਨਾਂ ਅਧੀਨ ਸਮੁੰਦਰੀ ਰਸਤੇ 'ਤੇ ਯਾਤਰਾ ਕਰ ਰਿਹਾ ਸੀ ਅਤੇ ਅਮਰੀਕੀ ਦਖ਼ਲਅੰਦਾਜ਼ੀ ਗੈਰ-ਕਾਨੂੰਨੀ ਹੈ। ਇਸ ਮਾਮਲੇ ਨੇ ਦੋਵਾਂ ਮਹਾਸਕਤੀਆਂ ਵਿਚਕਾਰ ਤਣਾਅ ਨੂੰ ਹੋਰ ਭੜਕਾ ਦਿੱਤਾ ਹੈ। ਰਿਪੋਰਟਾਂ ਮੁਤਾਬਕ, ਅਮਰੀਕਾ ਨੇ ਆਪਣੇ ਵਿਸ਼ੇਸ਼ ਬਲਾਂ ਦੀਆਂ ਟੀਮਾਂ ਨੂੰ ਬ੍ਰਿਟੇਨ ਰਾਹੀਂ ਮੈਦਾਨ 'ਚ ਉਤਾਰਿਆ ਹੈ ਅਤੇ ਹੈਲੀਕਾਪਟਰਾਂ ਦੁਆਰਾ ਟੈਂਕਰ 'ਤੇ ਉਤਰ ਕੇ ਇਸ 'ਤੇ ਕਬਜ਼ਾ ਕਰਨ ਦੀ ਯੋਜਨਾ 'ਤੇ ਵੀ ਕੰਮ ਕੀਤਾ ਗਿਆ। ਹਾਲਾਂਕਿ ਅਧਿਕਾਰਕ ਤੌਰ 'ਤੇ ਇਸ ਸਬੰਧੀ ਪੂਰੀ ਜਾਣਕਾਰੀ ਜਾਰੀ ਨਹੀਂ ਕੀਤੀ ਗਈ, ਪਰ ਸਮੁੰਦਰੀ ਖੇਤਰ 'ਚ ਭਾਰੀ ਫੌਜੀ ਹਲਚਲ ਦਰਜ ਕੀਤੀ ਗਈ ਹੈ।

ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਬ੍ਰਿਟੇਨ ਦੀ ਖੁੱਲ੍ਹੀ ਸਹਾਇਤਾ ਨਾਲ ਅਮਰੀਕਾ ਦਾ ਇਹ ਕਦਮ ਰੂਸ ਲਈ ਸਖ਼ਤ ਸੰਦੇਸ਼ ਹੈ। ਇਸ ਘਟਨਾ ਨਾਲ ਨਾ ਸਿਰਫ਼ ਅਮਰੀਕਾ-ਰੂਸ ਸੰਬੰਧਾਂ 'ਚ ਖਿੱਚ ਵਧੀ ਹੈ, ਸਗੋਂ ਨਾਟੋ ਦੇਸ਼ਾਂ ਅਤੇ ਰੂਸ ਵਿਚਕਾਰ ਵੀ ਟਕਰਾਅ ਦੇ ਆਸਾਰ ਮਜ਼ਬੂਤ ਹੋ ਗਏ ਹਨ। ਵਿਸ਼ਵ ਭਰ ਦੀ ਨਜ਼ਰ ਹੁਣ ਇਸ ਗੱਲ 'ਤੇ ਟਿਕੀ ਹੋਈ ਹੈ ਕਿ ਇਹ ਸਮੁੰਦਰੀ ਟਕਰਾਅ ਅੱਗੇ ਚੱਲ ਕੇ ਕਿਸ ਰੁਖ਼ ਵੱਲ ਜਾਂਦਾ ਹੈ।

ਕਰਨ ਚੌਹਾਨ ਸ਼ਾਹ ਸੁਲਤਾਨ ਕਲੱਬ ਵੱਲੋਂ ਵਿਸ਼ੇਸ਼ ਸਨਮਾਨਿਤ

ਹਮੇਸ਼ਾ ਸਮਾਜ ਸੇਵਾ ਨੂੰ ਸਮਰਪਿਤ ਹਨ ਕਰਨ ਚੌਹਾਨ

ਕਰਨ ਚੌਹਾਨ ਨੂੰ ਸਨਮਾਨਿਤ ਕਰਦੇ ਹੋਏ ਸੁਖਦੇਵ ਸਿੰਘ ਜੱਜ ਤੇ ਹੋਰ।

ਕਪੂਰਥਲਾ (ਕੌੜਾ)– ਸ਼ਾਹ ਸੁਲਤਾਨ ਕ੍ਰਿਕਟ ਕਲੱਬ ਸਮਾਜ ਸੇਵੀ ਸੰਸਥਾ (ਰਜਿ) ਸੁਲਤਾਨਪੁਰ ਲੋਧੀ ਵੱਲੋਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਪੀਰ ਬਾਬਾ ਸਖ਼ੀ ਸ਼ਾਹ ਸੁਲਤਾਨ ਜੀ ਦੇ ਆਸ਼ੀਰਵਾਦ ਦੇ ਨਾਲ ਅਕਾਲ ਇੰਟਰਨੈਸ਼ਨਲ ਸਟੇਡੀਅਮ ਵਿਖੇ ਕਰਵਾਏ ਜਾ ਰਹੇ 22ਵੇ ਰਾਜ ਪੱਧਰੀ ਓਪਨ ਕ੍ਰਿਕਟ ਟੂਰਨਾਮੈਂਟ ਨੂੰ ਸਫਲਤਾ ਪੂਰਵਕ ਕਰਾਉਣ ਚ ਸ਼ੁਰੂ ਤੋਂ ਅੰਤ ਤੱਕ ਸੁਲਤਾਨਪੁਰ ਲੋਧੀ ਦੇ ਵਾਰਡ ਨੰਬਰ 3 ਤੋਂ ਸੀਨੀਅਰ ਆਗੂ ਕਰਨ ਚੌਹਾਨ ਦਾ ਕਲੱਬ ਦੇ ਸਰਪ੍ਰਸਤ ਗੁਰਵਿੰਦਰ ਸਿੰਘ ਵਿਰਕ , ਸੁਖਦੇਵ ਸਿੰਘ ਜੱਜ,ਮੀਤ ਪ੍ਰਧਾਨ ਅੰਗਰੇਜ ਸਿੰਘ ਜੱਜ ,ਐਂਟੀ ਡਰੱਗ ਕਲੱਬ ਦੇ ਚੇਅਰਮੈਨ ਗਗਨਦੀਪ ਸਿੰਘ, ਨਵਪ੍ਰੀਤ ਸਿੰਘ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਉਨਾਂ ਵੱਲੋਂ ਟੂਰਨਾਮੈਂਟ ਲਈ ਕੀਤੀ ਗਈ ਦਿਨ ਰਾਤ ਅਣਥੱਕ ਮਿਹਨਤ ਲਈ ਧੰਨਵਾਦ ਕੀਤਾ ਗਿਆ। ਮੁੱਖ ਮਹਿਮਾਨ ਗਗਨਦੀਪ ਸਿੰਘ ਤੇ ਪ੍ਰਧਾਨ ਜਤਿੰਦਰ ਸਿੰਘ ਖਾਲਸਾ ਨੇ ਆਖਿਆ ਕਿ ਕਰਨ ਚੌਹਾਨ ਸਮਾਜ ਸੇਵਾ, ਖੇਡਾਂ ਅਤੇ ਸਿੱਖਿਆ ਵਿੱਚ ਬਹੁਤ ਅਹਿਮ ਰੋਲ ਅਦਾ ਕਰ ਰਹੇ ਹਨ ਤੇ ਨਾਲ ਹੀ ਉਹ ਸਮਾਜ ਭਲਾਈ ਦੇ ਕੰਮਾਂ ਵਿੱਚ ਵੀ ਆਪਣੀ ਅਹਿਮ ਭੂਮਿਕਾ ਨਿਭਾ ਰਹੇ ਹਨ। ਇਸ ਮੌਕੇ ਤੇ ਕੁਲਵਿੰਦਰ ਸਿੰਘ ਜੱਜ, ਦਲਜੀਤ ਸਿੰਘ ,ਹਰਪ੍ਰੀਤ ਸਿੰਘ ਸੰਧੂ, ਜਗਤਾਰ ਸਿੰਘ ਗੁਰਾਇਆ, ਚਤਰ ਸਿੰਘ, ਜਸਬੀਰ ਸਿੰਘ ਮਰਵਾਹਾ,ਰਣਜੀਤ ਸਿੰਘ ਸੈਣੀ, ਨਿਰਮਲ ਸਿੰਘ ,ਯਸ਼ ਥਿੰਦ, ਰਜੇਸ਼ ਕੁਮਾਰ ਰਾਜੂ, ਕੁਲਜੀਤ ਸਿੰਘ, ਪ੍ਰਗਟ ਸਿੰਘ ਜੱਜ, ਹਰਜੀਤ ਸਿੰਘ, ਜਗਜੀਤ ਸਿੰਘ ਪੰਛੀ ਆਦਿ ਹਾਜ਼ਰ ਸਨ।

ਅਦਾਲਤ ਵੱਲੋਂ ਮਨੁੱਖੀ ਤਸਕਰੀ ਗਿਰੋਹ ਨੂੰ ਵੱਡਾ ਝਟਕਾ, ਕਿਸ਼ਤੀਆਂ-ਇੰਜਣ ਸਪਲਾਈ ਕਰਨ ਵਾਲੇ ਨੂੰ 11 ਸਾਲ ਕੈਦ

ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ) ਇੰਗਲੈਂਡ ਦੇ ਮਿਡਲੈਂਡਜ਼ ਖੇਤਰ ਦੇ ਪ੍ਰਮੁੱਖ ਸ਼ਹਿਰ ਬਰਮਿੰਘਮ ਦੀ ਕਰਾਊਨ ਕੋਰਟ ਨੇ ਚੈਨਲ ਰਾਹੀਂ ਮਨੁੱਖੀ ਤਸਕਰੀ ਕਰਨ ਵਾਲੇ ਗਿਰੋਹਾਂ ਨੂੰ ਕਿਸ਼ਤੀਆਂ ਅਤੇ ਇੰਜਣ ਸਪਲਾਈ ਕਰਨ ਦੇ ਦੋਸ਼ੀ ਇਕ ਤੁਰਕੀ ਨਾਗਰਿਕ ਨੂੰ 11 ਸਾਲ ਕੈਦ ਦੀ ਸਖ਼ਤ ਸਜ਼ਾ ਸੁਣਾਈ ਹੈ। ਅਦਾਲਤ ਨੇ ਦੱਸਿਆ ਕਿ ਦੋਸ਼ੀ ਆਦਮ ਸਾਵਾਸ ਤੁਰਕੀ ਤੋਂ ਛੋਟੀਆਂ ਕਿਸ਼ਤੀਆਂ ਅਤੇ ਆਉਟਬੋਰਡ ਇੰਜਣ ਭੇਜਦਾ ਸੀ, ਜਿਨ੍ਹਾਂ ਨੂੰ ਪਹਿਲਾਂ ਜਰਮਨੀ 'ਚ ਸਟੋਰ ਕੀਤਾ ਜਾਂਦਾ ਅਤੇ ਬਾਅਦ 'ਚ ਉੱਤਰੀ ਫਰਾਂਸ ਪਹੁੰਚਾ ਕੇ ਅੰਗਰੇਜ਼ੀ ਚੈਨਲ ਰਾਹੀਂ ਸ਼ਰਨਾਰਥੀਆਂ ਨੂੰ ਬ੍ਰਿਟੇਨ ਭੇਜਣ ਲਈ ਵਰਤਿਆ ਜਾਂਦਾ ਸੀ। ਜਾਂਚ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਕਿ ਇਸ ਸਪਲਾਈ ਨੈੱਟਵਰਕ ਰਾਹੀਂ ਹਜ਼ਾਰਾਂ ਲੋਕਾਂ ਨੂੰ ਖ਼ਤਰਨਾਕ ਸਮੁੰਦਰੀ ਯਾਤਰਾ ਲਈ ਮਜਬੂਰ ਕੀਤਾ ਗਿਆ।

ਨੈਸ਼ਨਲ ਕਰਾਈਮ ਏਜੰਸੀ ਨੇ ਅਦਾਲਤ ਨੂੰ ਦੱਸਿਆ ਕਿ ਦੋਸ਼ੀ ਮਨੁੱਖੀ ਤਸਕਰੀ ਦੇ ਪੂਰੇ ਗਿਰੋਹ ਦਾ ਅਹੰਕਾਰਪੂਰਕ ਹਿੱਸਾ ਸੀ ਅਤੇ ਉਸ ਦੀ ਸਪਲਾਈ ਬਿਨਾਂ ਇਹ ਗਿਰੋਹ ਸਰਗਰਮ ਨਹੀਂ ਰਹਿ ਸਕਦਾ ਸੀ। ਅਦਾਲਤ ਨੇ ਸਜ਼ਾ ਸੁਣਾਉਂਦੇ ਸਮੇਂ ਕਿਹਾ ਕਿ ਅਜਿਹੇ ਅਪਰਾਧ ਨਿਰਦੋਸ਼ ਲੋਕਾਂ ਦੀ ਜਾਨ ਨੂੰ ਸਿੱਧੇ ਤੌਰ 'ਤੇ ਖ਼ਤਰੇ 'ਚ ਪਾਂਦੇ ਹਨ ਅਤੇ ਮਾਲੀ ਲਾਭ ਲਈ ਮਨੁੱਖੀ ਜਾਨ ਨਾਲ ਖੇਡਣ ਵਾਲਿਆਂ ਨਾਲ ਸਖ਼ਤੀ ਨਾਲ ਨਿਪਟਿਆ ਜਾਵੇਗਾ।

ਇਸ ਫੈਸਲੇ ਨੂੰ ਬਰਤਾਨੀਆ 'ਚ ਚੈਨਲ ਰਾਹੀਂ ਹੋ ਰਹੀ ਮਨੁੱਖੀ ਤਸਕਰੀ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਵੱਡੀ ਕਾਮਯਾਬੀ ਵਜੋਂ ਵੇਖਿਆ ਜਾ ਰਿਹਾ ਹੈ ਅਤੇ ਅਧਿਕਾਰੀਆਂ ਨੇ ਸੰਕੇਤ ਦਿੱਤਾ ਹੈ ਕਿ ਅਜਿਹੇ ਗਿਰੋਹਾਂ ਖ਼ਿਲਾਫ਼ ਕਾਰਵਾਈ ਅੱਗੇ ਵੀ ਜਾਰੀ ਰਹੇਗੀ।

ਤਸਵੀਰ:– ਸੁਖਜਿੰਦਰ ਸਿੰਘ ਢੱਡੇ

ਮਾਘੀ ਮੇਲਾ ਮਾਲਵੇ ਦੀ ਧਰਤੀ ਪਿੰਡ ਤਖਤੂਪੁਰਾ ਸਾਹਿਬ

ਮੋਗਾ (ਹਰਜਿੰਦਰ ਪਾਲ ਛਾਬੜਾ) ਜਿਲ੍ਹਾ ਮੋਗਾ ਤਿੰਨ ਗੁਰੂ ਸਾਹਿਬਾਨ ਇਸ ਇਤਿਹਾਸਕ ਨਗਰੀ ਵਿੱਚ ਚਰਨ ਪਾਕੇ ਧਰਤੀ ਨੂੰ ਪਵਿੱਤਰ ਕਰਗੇ ਨੇ ਇਸ ਸਾਲ 77ਵਾਂ ਮਾਘੀ ਮੇਲਾ ਹੋਣ ਜਾ ਰਿਹਾ ਮਿਤੀ 14,15,16,17 ਜਨਵਰੀ ਜਿਸ ਵਿੱਚ ਕਬੱਡੀ ਨਿਰੋਲ ਪਿੰਡਵਾਰ ਜਿਸਦਾ ਪਹਿਲਾ ਇਨਾਮ 51,000 ਤੇ ਦੂਜਾ ਇਨਾਮ 41,000 ਬੈਸਟ ਲਈ 11,000 ਹਜਾਰ ਹੋਵੇਗਾ ਕਬੱਡੀ 85ਕਿਲੋ ਦੋ ਖਿਡਾਰੀ ਬਾਹਰੋਂ ਤੇ ਕਬੱਡੀ 68ਕਿੱਲੋ 2ਖਡਾਰੀ ਬਾਹਰੋਂ ਤੇ ਕਬੱਡੀ 52ਕਿੱਲੋ ਇਹ ਆ ਟੀਮਾਂ ਦੀ ਜਾਣਕਾਰੀ ਬਾਕੀ ਇਹ ਮੇਲਾ ਸਾਰੇ ਇਲਾਕੇ ਦਾ ਮੇਲਾ ਵਾ ਸਾਰੇ ਇਲਾਕੇ ਦੀ ਸੰਗਤ ਜਰੂਰ ਦਰਸ਼ਨ ਦਿਉ ਜੀ ਬਹੁਤ ਵੱਡੀਆਂ ਕਾਨਫਰੰਸਾਂ ਤੇ ਲੀਡਰ ਇਸ ਮੇਲੇ ਤੇ

ਆਏ ਵਰੇ ਪਹੁੰਚਦੇ ਆ ਤੇ ਸਾਰੀਆਂ ਪਾਰਟੀਆਂ ਦਾ ਸਤਿਕਾਰ ਆ ਸਾਰੀ ਸੰਗਤ ਜਰੂਰ ਦਰਸ਼ਨ ਦਿਉ ਜੀ ਮੈਂ ਤੁਹਾਡਾ ਆਪਣਾ ਸਰਨਾ ਤਖਤੂਪੁਰੀਆ।

ਸਰਨਾ ਤਖਤੂਪੁਰੀਆ

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

ਕੜਾਕੇ ਦੀ ਠੰਢ ਵਿੱਚ ਰੋਡ ਸੰਘਰਸ਼ ਕਮੇਟੀ ਨੇ ਐਕਸਪ੍ਰੈਸ ਵੇਅ ਤੇ ਦੂਜੇ ਦਿਨ ਵੀ ਅਣਮਿੱਥੇ ਸਮੇਂ ਦਾ ਧਰਨਾ ਜਾਰੀ ਰੱਖਿਆ

ਅੱਜ ਦੀ ਮੀਟਿੰਗ ਵਿੱਚ ਪ੍ਰਸ਼ਾਸਨ ਅਤੇ ਨੈਸ਼ਨਲ ਹਾਈਵੇ ਅਥਾਰਟੀ ਨੇ ਸਮਾਂਬੱਧ ਫੈਸਲਾ ਨਾ ਲਿਆ ਤਾਂ ਇਹ ਧਰਨਾ ਕਿਸੇ ਵੱਡੇ ਸਘੰਰਸ਼ ਦਾ ਰੂਪ ਧਾਰਨ ਕਰੇਗਾ -ਸੰਘਰਸ ਕਮੇਟੀ

ਕਪੂਰਥਲਾ (ਕੌੜਾ) ਰੋਡ ਸੰਘਰਸ਼ ਕਮੇਟੀ ਦੁਆਰਾ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਐਕਸਪ੍ਰੈਸ ਵੇਅ ਲਈ ਅਕਵਾਇਰ ਕੀਤੀਆਂ ਜਮੀਨਾਂ ਦੇ ਮੁਆਵਜੇ ਅਤੇ ਹੋਰ ਮੰਗਾਂ ਨੂੰ ਲੈ ਕੇ ਸ਼ੁਰੂ ਕੀਤਾ ਅਣਮਿਥੇ ਸਮੇਂ ਦਾ ਧਰਨਾ ਅੱਜ ਕੜਾਕੇ ਦੀ ਠੰਡ ਵਿੱਚ ਦੂਜੇ ਦਿਨ ਵੀ ਜਾਰੀ ਰਿਹਾ। ਇਸ ਮੌਕੇ ਕਿਸਾਨਾਂ ਨੇ ਨੈਸ਼ਨਲ ਹਾਈਵੇ ਅਥਾਰਟੀ, ਪ੍ਰਸ਼ਾਸਨ ਅਤੇ ਡੀ ਆਰ ਓ ਕਪੂਰਥਲਾ ਵਿਰੁੱਧ ਜੋਰਦਾਰ ਨਾਅਰੇਬਾਜ਼ੀ ਕਰਦਿਆਂ ਐਲਾਨ ਕੀਤਾ ਕਿ ਜੇ 8 ਜਨਵਰੀ ਨੂੰ ਹੋਣ ਵਾਲੀ ਮੀਟਿੰਗ ਵਿੱਚ ਕੋਈ ਫੈਸਲਾ ਨਾ ਲਿਆ ਗਿਆ, ਤਾਂ ਇਹ ਧਰਨਾ ਕਿਸੇ ਵੱਡੇ ਸਘੰਰਸ਼ ਦਾ ਰੂਪ ਧਾਰਨ ਕਰੇਗਾ ਅਤੇ ਨਿਰਮਾਣ ਕਾਰਜ ਨਹੀਂ ਹੋਣ ਦਿੱਤੇ ਜਾਣਗੇ। ਅੱਜ ਦੇ ਧਰਨੇ ਵਿੱਚ ਮੌਜੂਦ ਰੋਡ ਸੰਘਰਸ਼ ਕਮੇਟੀ ਦੇ ਆਗੂਆਂ ਪਰਮਜੀਤ ਸਿੰਘ ਤਲਵੰਡੀ ਚੌਧਰੀਆਂ,ਇੰਦਰਜੀਤ ਸਿੰਘ ਲਿਫਟਰ, ਜਸਵਿੰਦਰ ਸਿੰਘ ਬਈ, ਅਮਰਜੀਤ ਸਿੰਘ ਟਿੱਬਾ, ਸਾਬਕਾ ਸਰਪੰਚ ਜਸਵਿੰਦਰ ਕੌਰ, ਰਣਜੀਤ ਸਿੰਘ ਰਾਣਾ, ਸੁਖਦੇਵ ਸਿੰਘ ਟਿੱਬਾ, ਕਲਵਿੰਦਰ ਸਿੰਘ ਟਿੱਬਾ ਨੇ ਦੱਸਿਆ ਕਿ ਕਿ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਅੱਜ ਕਿਸਾਨਾਂ ਨੂੰ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ ਜੇਕਰ ਉਸ ਸਮੇਂ ਪ੍ਰਸ਼ਾਸਨ ਅਤੇ ਨੈਸ਼ਨਲ ਹਾਈਵੇ ਥਾਰਟੀ ਨੇ ਜਮੀਨਾਂ ਦੇ ਮੁੱਲ ਸਹੀ ਨਿਸ਼ਚਿਤ ਕੀਤੇ ਹੁੰਦੇ ਤਾਂ ਅੱਜ ਪ੍ਰਭਾਵਿਤ ਕਿਸਾਨਾਂ ਨੂੰ ਅਦਾਲਤਾਂ ਦੇ ਧੱਕੇ ਨਾਲ ਖਾਣੇ ਪੈਂਦੇ। ਉਹਨਾਂ ਨੇ

ਐਕਸਪ੍ਰੈਸ ਵੇਅ ਦਾ ਕੰਮ ਰੋਕ ਕੇ ਪਿੰਡ ਟਿੱਬਾ ਵਿਖੇ ਰੋਡ ਸੰਘਰਸ਼ ਕਮੇਟੀ ਵੱਲੋਂ ਦਿੱਤੇ ਜਾ ਰਹੇ ਧਰਨੇ ਮੌਕੇ ਗੱਲਬਾਤ ਕਰਦੇ ਹੋਏ ਕਿਸਾਨ ਆਗੂ।

ਕਿਹਾ ਕਿ ਹਰਿਆਣੇ ਅਤੇ ਰਾਜਸਥਾਨ ਵਿੱਚ ਕਿਸਾਨਾਂ ਨੂੰ ਇੱਕ ਕਿੱਲੇ ਦੀ ਕੀਮਤ ਇਕ ਕਰੋੜ ਤੋਂ ਉੱਪਰ ਦਿੱਤੀ ਗਈ ਹੈ ਜਦਕਿ ਹਲਕਾ ਸੁਲਤਾਨਪੁਰ ਲੋਧੀ ਅੰਦਰ 20 ਤੋਂ 40 ਲੱਖ ਪ੍ਰਤੀ ਏਕੜ ਹੀ ਮੁਆਵਜ਼ਾ ਦਿੱਤਾ ਗਿਆ ਹੈ। ਆਗੂਆਂ ਨੇ ਕਿਹਾ ਕਿ ਆਰਬੀਟਰੇਸ਼ਨ ਟ੍ਰਿਬਿਊਨਲ ਦੇ ਫੈਸਲੇ ਨੂੰ ਨੈਸ਼ਨਲ ਹਾਈਵੇ ਨੇ ਸੈਕਸ਼ਨ 34 ਤਹਿਤ ਅਦਾਲਤ ਵਿੱਚ ਚੈਲੰਜ ਕੀਤਾ ਹੈ ਜਦ ਕਿ ਨੈਸ਼ਨਲ ਹਾਈਵੇ ਨੇ ਇਹ ਕਿਸਾਨਾਂ ਨਾਲ ਪਹਿਲਾਂ ਵਾਅਦਾ ਕੀਤਾ ਸੀ ਕਿ ਤੁਸੀਂ ਆਰਬੀਟਰੇਸ਼ਨ ਦੇ ਕੇਸ ਕਰੋ ਅਤੇ ਜੋ ਵੀ ਇਸ ਦਾ ਫੈਸਲਾ ਹੋਵੇਗਾ ਉਸ ਨੂੰ ਮੰਨਿਆ ਜਾਵੇਗਾ ਪਰ ਨੈਸ਼ਨਲ ਹਾਈਵੇ ਨੇ ਕਿਸਾਨਾਂ ਨਾਲ ਧੋਖਾ ਕਰਦਿਆਂ ਆਰਬੀਟਰੇਸ਼ਨ ਟ੍ਰਿਬਿਊਨਲ ਦੇ ਫੈਸਲੇ ਨੂੰ ਸੈਸ਼ਨ ਕੋਰਟ ਵਿੱਚ ਚੈਲੰਜ ਕਰ ਦਿੱਤਾ। ਜਿਸ ਨਾਲ ਕਿਸਾਨਾਂ ਨੂੰ ਵੱਡਾ ਨੁਕਸਾਨ ਹੋ ਰਿਹਾ ਹੈ। ਹੁਣ ਹੁਣ ਪ੍ਰਸ਼ਾਸਨ ਅਤੇ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਅਦਾਲਤ ਵਿੱਚ ਕੈਲਕੂਲੇਸ਼ਨ ਸੀਟਾਂ ਮੁਹੱਈਆ ਨਹੀਂ ਕਰਵਾਈਆਂ ਜਾ ਰਹੀਆਂ ਜਿਸ ਕਾਰਨ ਮਾਣਯੋਗ ਸੈਸ਼ਨ ਕੋਰਟ ਕੋਈ ਫੈਸਲਾ ਨਹੀਂ ਲੈ ਰਹੀ। ਇਸ ਮੌਕੇ ਆਗੂਆਂ ਨੇ ਐਲਾਨ ਕੀਤਾ ਕਿ 8 ਜਨਵਰੀ ਨੂੰ ਕਪੂਰਥਲਾ ਵਿਖੇ ਡੀ ਆਰ ਓ ਅਤੇ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਨਾਲ਼ ਹੋਣ ਵਾਲੀ ਮੀਟਿੰਗ ਵਿੱਚ ਸਮਾਂਬੱਧ ਫੈਸਲਾ ਨਾ ਲਿਆ ਗਿਆ ਤਾਂ ਇਹ ਧਰਨਾ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਹੋਰ ਮਜ਼ਬੂਤ ਕੀਤਾ ਜਾਵੇਗਾ। ਇਸ ਮੌਕੇ ਜਗਦੀਪ ਸਿੰਘ ਗਾਂਧਾ ਸਿੰਘ ਵਾਲਾ, ਰਵਿੰਦਰ ਸਿੰਘ, ਜਗਮੋਹਣ ਸਿੰਘ,ਕਿਹਰ ਸਿੰਘ, ਤਰਸੇਮ ਸਿੰਘ, ਜਸਵਿੰਦਰ ਸਿੰਘ, ਸੁਖਜਿੰਦਰ ਸਿੰਘ, ਬਲਬੀਰ ਸਿੰਘ ਆਦਿ ਹਾਜ਼ਰ ਸਨ।

"ਗਰੇਸ ਆਫ ਗੌਡ ਚਰਚ" ਅੱਪਰਾ ਦੁਆਰਾ ਮਸੀਹੀ ਸਮਾਗਮ 14 ਜਨਵਰੀ ਨੂੰ

ਪ੍ਰਚਾਰਕ: ਭਾਈ ਰੌਸ਼ਨ ਮਸੀਹ

ਪ੍ਰਬੰਧਕ: ਭਾਈ ਵਿਜੈ ਕੁਮਾਰ

ਫਿਲੌਰ/ਅੱਪਰਾ, (ਦੀਪਾ)- "ਗਰੇਸ ਆਫ ਗੌਡ ਚਰਚ" ਅੱਪਰਾ ਦੁਆਰਾ ਮਸੀਹੀ ਸਮਾਗਮ ਪ੍ਰਬੰਧਕ ਭਾਈ ਵਿਜੇ ਮਸੀਹ ਦੀ ਅਗਵਾਈ ਹੇਠ ਮਿਤੀ 14 ਜਨਵਰੀ ਦਿਨ ਬੁੱਧਵਾਰ ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਸਵੇਰੇ 11 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤੱਕ ਬਾਬੂ ਰਾਮ ਸਰਾਫ ਦੇ ਸਾਹਮਣੇ ਇੰਟਰਲਾਕ ਵਾਲੀ ਗਲੀ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਪ੍ਰਚਾਰਕ ਭਾਈ ਰੌਸ਼ਨ ਮਸੀਹ ਆਈ ਹੋਈ ਕਲੀਸੀਆਂ (ਸੰਗਤਾਂ) ਨੂੰ ਪ੍ਰਭ ਯਿਸੂ ਮਸੀਹ ਜੀ ਦੇ ਜੀਵਨ, ਸੱਚ ਤੇ ਉਦੇਸ਼ ਬਾਰੇ ਭਰਪੂਰ ਜਾਣਕਾਰੀ ਦੇਣਗੇ।

for more news visit:
www.samajweekly.com

ਹਰਿਆਣਾ ਕਮੇਟੀ ਦਾ ਕੋਰਮ ਪੂਰਾ ਨਾ ਹੋਣ ਕਾਰਨ ਬਜ਼ਟ ਇਜਲਾਸ ਹੋਇਆ ਫੇਲ, ਝੀਂਡਾ ਦੇਵੇ ਤੁਰੰਤ ਅਸਤੀਫਾ - ਸ੍ਰ: ਨਲਵੀ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਵੱਲੋਂ ਬਾਕਾਇਦਾ ਅੱਜ 7 ਜਨਵਰੀ 2026 ਦਾ ਬਜ਼ਟ ਇਜਲਾਸ ਰੱਖਿਆ ਹੋਇਆ ਸੀ ਜਿਸ ਵਿੱਚ ਸਿਰਫ਼ 28 ਮੈਂਬਰ ਪੁੱਜੇ ਸਨ ਪਰ ਕੋਰਮ 33 ਮੈਂਬਰ ਸਾਹਿਬਾਨ ਦੀ ਹਾਜ਼ਰੀ ਨਾਲ ਪੂਰਾ ਹੁੰਦਾ ਹੈ । ਕੋਰਮ ਪੂਰਾ ਨਾ ਹੋਣ ਦੇ ਕਾਰਨ ਅੱਜ ਦਾ ਬਜ਼ਟ ਇਜਲਾਸ ਫੇਲ ਹੋ ਗਿਆ । ਹਰਿਆਣਾ ਕਮੇਟੀ ਦੇ ਸੀਨੀਅਰ ਮੈਂਬਰ ਸ੍ਰ: ਦੀਦਾਰ ਸਿੰਘ ਨਲਵੀ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰ ਸਾਹਿਬਾਨਾਂ ਦੀ ਇੱਕ ਹੰਗਾਮੀ ਮੀਟਿੰਗ ਅੱਜ ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ ਹੋਈ ਜਿਸ ਵਿੱਚ ਸਮੂਹ ਅਹੁਦੇਦਾਰ ਅਤੇ ਮੈਂਬਰ ਸਾਹਿਬਾਨਾਂ ਨੇ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਕਿ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਦੀਆਂ ਬੇਨਿਯਮੀਆਂ ਤੇ ਆਪਹੁਦਰੀਆਂ ਦੇ ਕਾਰਨ ਝੀਂਡਾ ਆਪਣਾ ਮੈਂਬਰ ਸਾਹਿਬਾਨਾਂ ਵਿੱਚੋਂ ਬਹੁਮੱਤ ਗਵਾ ਚੁੱਕਾ ਹੈ ਜਿਸ ਕਰਕੇ ਉਸਦੀਆਂ ਤਿੰਨ ਐਗਜ਼ੈਕਟਿਵ ਮੀਟਿੰਗਾਂ ਅਤੇ ਤਿੰਨ ਜਰਨਲ ਇਜਲਾਸ ਫੇਲ ਹੋ ਚੁੱਕੇ ਹਨ। ਅੱਜ ਦਾ ਰੱਖਿਆ ਹੋਇਆ ਜਰਨਲ ਹਾਊਸ ਵੀ ਕੋਰਮ ਪੂਰਾ ਨਾ ਹੋਣ ਕਾਰਨ ਫੇਲ ਹੋ ਚੁੱਕਾ ਹੈ । ਝੀਡਾਂ ਨੇ ਬਜ਼ਟ ਇਜਲਾਸ ਇਹ ਕਹਿ ਕੇ ਪਾਸ ਕਰਦਿਆਂ ਕਿਹਾ ਕਿ ਬਾਕੀ ਮੈਂਬਰ ਸਾਹਿਬਾਨਾਂ ਦੇ ਘਰਾਂ ਵਿੱਚ ਜਾ ਕੇ ਸਾਈਨ ਕਰਵਾ ਲਏ ਜਾਣਗੇ ਅਤੇ ਸਾਈਨਾਂ ਦੀ ਆਸਪੁਰ ਬਜ਼ਟ ਪਾਸ ਕਰਨ ਦਾ ਐਲਾਨ ਕਰ ਦਿੱਤਾ । ਜਦੋਂ ਕਿ ਗੁਰਦੁਆਰਾ ਐਕਟ 2014 ਅਨੁਸਾਰ ਐਸੀ ਕੋਈ ਵੀ ਮਦ ਨਹੀਂ ਹੈ ਕਿ ਜਰਨਲ ਇਜਲਾਸ ਵਿੱਚ ਪੁੱਜੇ ਮੈਂਬਰਾਂ ਤੋਂ ਬਿਨਾਂ ਘਰਾਂ ਵਿੱਚ ਜਾ ਕੇ ਸਾਈਨ ਕਰਾ ਕੇ ਮੈਂਬਰਾਂ ਦਾ ਕੋਰਮ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇ। ਨਾਢਾ ਸਾਹਿਬ ਵਿਖੇ ਹੋਈ ਹਰਿਆਣਾ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰ ਸਾਹਿਬਾਨਾਂ ਦੀ ਮੀਟਿੰਗ ਨੇ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਕਿ ਬਜ਼ਟ ਇਜਲਾਸ ਫੇਲ ਹੋਣ ਕਾਰਨ ਜਗਦੀਸ਼ ਸਿੰਘ ਝੀਂਡਾ ਨੈਤਿਕਤਾ ਦੇ ਆਧਾਰ ਪੁਰ ਤੁਰੰਤ ਅਸਤੀਫਾ ਦੇਵੇ । ਅੱਜ ਦੀ ਮੀਟਿੰਗ ਵਿੱਚ ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ, ਗੁਰਬੀਰ ਸਿੰਘ ਤਲਾਕੌਰ ਜੂਨੀਅਰ ਮੀਤ ਪ੍ਰਧਾਨ, ਜਗਤਾਰ ਸਿੰਘ ਮਾਨ ਅੰਤ੍ਰਿੰਗ ਮੈਂਬਰ, ਤਜਿੰਦਰਪਾਲ ਸਿੰਘ ਨਾਰਨੌਲ ਅੰਤ੍ਰਿੰਗ ਮੈਂਬਰ, ਦੀਦਾਰ ਸਿੰਘ ਨਲਵੀ, ਜੋਗਾ ਸਿੰਘ ਯਮੁਨਾਨਗਰ, ਬੀਬੀ ਕਰਤਾਰ ਕੌਰ ਸ਼ਾਹਬਾਦ ਮਾਰਕੰਡਾ, ਬੀਬੀ ਕਪੂਰ ਸਿੰਘ ਸੌਂਕੜਾ, ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਗੁਰਪਾਲ ਸਿੰਘ ਗੋਰਾ ਐਲਨਾਬਾਦ, ਕੈਪਟਨ ਦਿਲਬਾਗ ਸਿੰਘ ਸਜ਼ਾਦਪੁਰ, ਮੇਅਰ ਭੁਪਿੰਦਰ ਸਿੰਘ ਪਾਣੀਪਤ, ਰਜਿੰਦਰ ਸਿੰਘ ਬਰਾੜਾ, ਗੁਰਤੇਜ ਸਿੰਘ ਅੰਬਾਲਾ, ਜਥੇਦਾਰ ਬਲਦੇਵ ਸਿੰਘ ਹਾਬੜੀ, ਬੀਬੀ ਅਮਨਦੀਪ ਕੌਰ ਟੋਹਾਣਾ, ਸਵਰਨ ਸਿੰਘ ਬੁੱਗਾ ਟਿੱਬੀ ਪੰਚਕੂਲਾ ਸਾਰੇ ਮੈਂਬਰ ਸਾਹਿਬਾਨ ਹਾਜ਼ਰ ਸਨ ।

ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਵਲੋਂ ਮਜ਼ਦੂਰ ਆਗੂ ਮਲੌਦ ਦੀ ਰਿਹਾਈ ਲਈ ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨਾ ਮੁਜ਼ਾਹਰਾ ਕਰਨ ਦਾ ਐਲਾਨ

ਚੰਡੀਗੜ੍ਹ, (ਹਰਜਿੰਦਰ ਸਿੰਘ ਚੰਦੀ) ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਪੰਜਾਬ ਖੇਤ ਮਜ਼ਦੂਰ ਸਭਾ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਨੇ ਸਾਂਝੇ ਤੌਰ 'ਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਦੀ ਰਿਹਾਈ ਲਈ 27 ਜਨਵਰੀ ਨੂੰ ਮੁੱਖ ਮੰਤਰੀ ਦੀ ਸੰਗਰੂਰ ਸਥਿਤ ਕੋਠੀ ਅੱਗੇ ਧਰਨਾ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ ਹੈ।ਇਸ ਦੌਰਾਨ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਅਤੇ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਗੁਰਮੇਸ ਸਿੰਘ, ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ ਦਰਸ਼ਨ ਨਾਹਰ ਅਤੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੇ ਲਖਵੀਰ ਸਿੰਘ ਲੌਂਗੋਵਾਲ ਵਲੋਂ ਇਸ ਧਰਨੇ ਦੀ ਡੱਟਵੀਂ ਹਮਾਇਤ ਕਰਨ ਦਾ ਐਲਾਨ ਕੀਤਾ ਹੈ।

ਮਜ਼ਦੂਰ ਜਥੇਬੰਦੀਆਂ ਵਲੋਂ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰਧਾਨ ਤਰਸੇਮ ਪੀਟਰ,ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸਕੱਤਰ ਬਿੱਕਰ ਸਿੰਘ ਹਥੋਆ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਪ੍ਰਧਾਨ ਸੰਜੀਵ ਮਿੰਟੂ ਅਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾਈ ਪ੍ਰਧਾਨ ਗੋਬਿੰਦ ਛਾਂਜਲੀ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਮੁਕੇਸ਼ ਮਲੌਦ ਸਰਕਾਰ ਤੋਂ ਲੁਕਿਆ ਹੋਇਆ ਆਗੂ ਨਹੀਂ ਸੀ,ਉਹ ਕਈ ਵਾਰ ਪੰਜਾਬ ਸਰਕਾਰ ਦੇ ਸੱਦੇ ਉੱਤੇ ਮਜ਼ਦੂਰ ਜਥੇਬੰਦੀਆਂ ਨਾਲ ਮਜ਼ਦੂਰ ਮੰਗਾਂ ਦੇ ਨਿਪਟਾਰੇ ਲਈ ਮੁੱਖ ਮੰਤਰੀ ਭਗਵੰਤ ਮਾਨ ਤੋਂ ਲੈ ਕੇ ਸਰਕਾਰ ਦੇ ਕੈਬਨਟ ਮੰਤਰੀਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਹੋਈਆਂ ਮੀਟਿੰਗਾਂ ਦਾ ਹਿੱਸਾ ਰਿਹਾ।ਮਜ਼ਦੂਰ ਆਗੂਆਂ ਨੇ ਮੁਕੇਸ਼ ਮਾਲੌਦ ਦੀ ਗ੍ਰਿਫ਼ਤਾਰੀ ਨੂੰ ਮਜ਼ਦੂਰ ਲਹਿਰ ਉੱਪਰ ਹਮਲਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਅਕਾਲੀ ਭਾਜਪਾ ਸਰਕਾਰ ਦੇ ਰਾਜ ਅੰਦਰ ਪੰਚਾਇਤੀ ਅਤੇ ਹੋਰ ਵਾਧੂ ਜ਼ਮੀਨਾਂ ਚੋਂ ਹੱਕ ਮੰਗਦੇ ਬੇਜ਼ਮੀਨੇ ਮਜ਼ਦੂਰਾਂ ਉੱਪਰ ਹੁੰਦੇ ਅੱਤਿਆਚਾਰ ਦਾ ਵਿਰੋਧ ਕਰਨ ਵਾਲੇ ਹੁਣ ਸੱਤਾ ਵਿੱਚ ਆ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹੋਰ ਕੈਬਨਿਟ ਮੰਤਰੀ ਦੇ ਦਿਸ਼ਾ ਨਿਰਦੇਸ਼ਾਂ ਦੇ ਕੇ ਅਕਾਲੀ ਭਾਜਪਾ ਸਰਕਾਰ ਸਮੇਂ ਦਰਜ ਕੀਤੇ ਗਏ ਕੇਸਾਂ ਵਿੱਚ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਨੂੰ ਗ੍ਰਿਫ਼ਤਾਰ ਕਰਵਾ ਰਹੇ ਹਨ।ਉਨ੍ਹਾਂ ਕਿਹਾ ਕਿ ਮਜ਼ਦੂਰ ਆਗੂ ਮੁਕੇਸ਼ ਮਲੌਦ ਦੀ ਅਗਵਾਈ ਹੇਠ ਜਿੱਥੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦਲਿਤਾਂ ਲਈ ਰਾਖਵੇਂ ਤੀਸਰੇ ਹਿੱਸੇ ਦਾ ਹੱਕ ਅਤੇ 17 ਏਕੜ ਤੋਂ ਉੱਪਰਲੀ ਜ਼ਮੀਨ ਦਲਿਤਾਂ ਅਤੇ ਬੇਜ਼ਮੀਨਿਆਂ ਵਿੱਚ ਵੰਡਣ ਲਈ ਸੰਘਰਸ਼ ਦੇ ਮੈਦਾਨ ਵਿੱਚ ਹੈ, ਉੱਥੇ ਹੀ ਭਗਵੰਤ ਮਾਨ ਸਰਕਾਰ ਆਮ ਲੋਕਾਂ ਤੋਂ ਇਹ ਜ਼ਮੀਨਾਂ ਖੋਹ ਕੇ ਕਾਰਪੋਰੇਟ ਘਰਾਣਿਆਂ ਅਤੇ ਜਗੀਰਦਾਰਾਂ ਨੂੰ ਦੇਣਾ ਚਾਹੁੰਦੀ ਹੈ।

ਉਨ੍ਹਾਂ ਕਿਹਾ ਕਿ ਖ਼ਾਸਕਰ ਸੰਗਰੂਰ ਜ਼ਿਲ੍ਹੇ ਅੰਦਰ ਅਣ ਐਲਾਨੀ ਐਮਰਜੈਂਸੀ ਮੜ ਕੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੈਂਕੜੇ ਔਰਤਾਂ ਸਮੇਤ ਕਾਰਕੁਨਾਂ ਉੱਪਰ ਝੂਠੇ ਪਰਚੇ ਦਰਜ ਕੀਤੇ ਹੋਏ ਹਨ। ਮਜ਼ਦੂਰ ਆਗੂ ਮੁਕੇਸ਼ ਮਾਲੌਦ ਜਦੋਂ ਉਹ ਮਹਾਰਾਸ਼ਟਰ ਵਿਖੇ ਕੌਮਾਂਤਰੀ ਪੱਧਰ ਦੇ ਇਕ ਸੈਮੀਨਾਰ ਚ ਭਾਗ ਲੈਣ ਉਪਰੰਤ ਉਹ ਵਾਪਸ ਪੰਜਾਬ ਆ ਰਿਹਾ ਸੀ ਤਾਂ ਦਿੱਲੀ ਰੇਲਵੇ ਸਟੇਸ਼ਨ ਤੋਂ ਉਸਨੂੰ ਗ਼ੈਰਕਾਨੂੰਨੀ ਢੰਗ ਨਾਲ ਅਗਵਾ ਕਰਵਾਉਣ ਉਪਰੰਤ ਗ੍ਰਿਫ਼ਤਾਰ ਕਰਕੇ ਸੰਗਰੂਰ ਜੇਲ੍ਹ ਬੰਦ ਕਰ ਦਿੱਤਾ ਗਿਆ। ਉਸ ਦੀ ਗ੍ਰਿਫ਼ਤਾਰੀ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਸੰਘਰਸ਼ ਨੂੰ ਕਮਜ਼ੋਰ ਕਰਨ ਦੀ ਇੱਕ ਸਾਜ਼ਿਸ਼ ਦਾ ਹਿੱਸਾ ਹੈ। ਆਗੂਆਂ ਨੇ ਕਿਹਾ ਕਿ ਪਿਛਲੇ ਦਿਨੀਂ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਪਾਸ ਕੀਤੇ ਗਏ ਵਿਕਸਤ ਭਾਰਤ ਜੀ ਰਾਮ ਜੀ ਕਾਨੂੰਨ, ਕਿਰਤ ਕਾਨੂੰਨ ਵਿੱਚ ਕੀਤੀਆਂ ਗਈਆਂ ਮਜ਼ਦੂਰ ਵਿਰੋਧੀ ਸੋਧਾਂ ਅਤੇ ਹੁਣ ਬਿਜਲੀ ਵਿਭਾਗ ਨੂੰ ਪ੍ਰਾਈਵੇਟ ਕਰਨ ਲਈ ਲਿਆਂਦੇ ਜਾ ਰਹੇ ਬਿਜਲੀ ਸੋਧ ਬਿੱਲ 2025 ਕਾਰਨ ਜਿੱਥੇ ਕੇਂਦਰ ਸਰਕਾਰ ਦਾ ਪੰਜਾਬ ਵਿੱਚ ਵਿਆਪਕ ਵਿਰੋਧ ਹੋ ਰਿਹਾ ਹੈ, ਉੱਥੇ ਆਪ ਸਰਕਾਰ ਵਲੋਂ ਪਿਛਲੇ ਚਾਰ ਸਾਲਾਂ ਤੋਂ ਮਜ਼ਦੂਰ ਮੰਗਾਂ ਨੂੰ ਅਣਗੌਲਿਆ ਕਰਨ ਨਾਲ ਮਜ਼ਦੂਰ ਜਥੇਬੰਦੀਆਂ ਵਲੋਂ ਸਾਂਝੇ ਸੰਘਰਸ਼ ਰਾਹੀਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਚੁਨੌਤੀ ਦਿੱਤੀ ਜਾ ਰਹੀ ਹੈ। ਭਗਵੰਤ ਮਾਨ ਸਰਕਾਰ ਕੇਂਦਰ ਸਰਕਾਰ ਵਾਂਗ ਹੀ ਸਰਕਾਰੀ ਅਦਾਰਿਆਂ ਅਤੇ ਪੰਚਾਇਤੀ ਜ਼ਮੀਨਾਂ ਦੇਸੀ ਤੇ ਵਿਦੇਸ਼ੀ ਸਰਮਾਏਦਾਰਾਂ ਨੂੰ ਵੇਚ ਕੇ ਆਪਣੇ ਆਖਰੀ ਸਾਲ ਵਿੱਚ ਆਪਣੀਆਂ ਤਜ਼ੋਰੀਆਂ ਭਰਨ ਦੇ ਆਹਰ ਵਿੱਚ ਲੱਗੀ ਹੋਈ ਹੈ ਅਤੇ ਚੋਣ ਤੋਂ ਪਹਿਲਾਂ ਮਜ਼ਦੂਰਾਂ ਨੂੰ ਦਿੱਤੀਆਂ ਗਰੰਟੀਆਂ ਤੋਂ ਦੌੜ ਰਹੀ ਹੈ। ਪੰਜਾਬ ਸਰਕਾਰ ਆਪਣੇ ਪਿੰਡਾਂ ਵਿੱਚ ਆਉਣ ਵਾਲੇ ਵਿਰੋਧ ਤੋਂ ਬਚਣ ਲਈ ਮਜ਼ਦੂਰ ਆਗੂ ਨੂੰ ਪੁਰਾਣੇ ਕੇਸਾਂ ਵਿੱਚ ਗ੍ਰਿਫ਼ਤਾਰ ਕਰਕੇ ਪੇਂਡੂ ਤੇ ਖੇਤ ਮਜ਼ਦੂਰਾਂ ਨੂੰ ਆਗੂ ਰਹਿਤ ਕਰਨਾ ਚਾਹੁੰਦੀ ਹੈ।ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੇ ਸਮੁੱਚੇ ਇਨਸਾਫ ਪਸੰਦ ਲੋਕਾਂ ਨੂੰ 27 ਜਨਵਰੀ ਨੂੰ ਮੁੱਖ ਮੰਤਰੀ ਦੀ ਸੰਗਰੂਰ ਸਥਿਤ ਕੋਠੀ ਅੱਗੇ ਧਰਨੇ ਵਿੱਚ ਪਹੁੰਚਣ ਦਾ ਸੱਦਾ ਦਿੱਤਾ ਹੈ।

ਅਮਰੀਕਨ ਸਾਮਰਾਜ ਦਾ ਪਸਾਰਵਾਦੀ ਚਿਹਰਾ ਨੰਗਾ ਹੋਇਆ

● ਰਾਏਕੋਟ ਵਿਖੇ ਹਿੰਦ ਕਮਿਉਨਿਸਟ ਪਾਰਟੀ ਮਾਰਸਕਵਾਦੀ ਨੇ ਐਸ ਡੀ ਐਮ ਦਫਤਰ ਸਾਹਮਣੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪੁਤਲਾ ਫੂਕਿਆ ● ਵੈਨਜੁਏਲਾ ਦੇ ਰਾਸ਼ਟਰਪਤੀ ਅਤੇ ਉਸਦੇ ਪਰਿਵਾਰ ਨੂੰ ਬਾਇਜਤ ਆਜ਼ਾਦ ਕੀਤਾ ਜਾਵੇ.ਬਲਜੀਤ ਸਿੰਘ ਗਰੇਵਾਲ

ਰਾਏਕੋਟ (ਗੁਰਭਿੰਦਰ ਗੁਰੀ) ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਪਸਾਰਵਾਦੀ ਨੀਤੀ ਅਪਣਾਉਂਦਿਆਂ ਅਤੇ ਧੌਂਸ ਵਾਲੀ ਨੀਤੀ ਤਹਿਤ ਵੈਨਜ਼ੂਏਲਾ ਉਪਰ ਕਬਜ਼ਾ ਕਰਨ ਲਈ ਹਮਲਾ ਕੀਤਾ ਤਾਂ ਜੋ ਤੇਲ ਦੇ ਭੰਡਾਰ ਦੀ ਖੁੱਲੀ ਲੁੱਟ ਕਰ ਸਕੇ ਵੈਨੇਜ਼ੁਏਲਾ ਦੇ ਲੋਕ ਪੱਖੀ ਨੇਤਾ ਰਾਸ਼ਟਰਪਤੀ ਨਿਕੋਲਸ ਮਾਦਰੋ ਅਤੇ ਉਸਦੀ ਧਰਮ ਪਤਨੀ ਨੂੰ ਗਰਿਫਤਾਰ ਕਰਕੇ ਅਮਰੀਕਾ ਲਏ ਗਏ ਅਤੇ ਸਖਤ ਧਰਾਵਾਂ ਹੇਠ ਮੁਕਦਮੇ ਦਰਜ ਕਰਕੇ ਜੇਲ ਭੇਜ ਦਿੱਤਾ ਜੋ ਕਿ ਨਿੰਦਣ ਯੋਗ ਹੈ ਸੰਸਾਰ ਭਰ ਦੇ ਇਨਸਾਫ ਪਸੰਦ ਲੋਕ ਇਸ ਘਿਨਾਉਣੀ ਹਰਕਤ ਦੀ ਨਿੰਦਾ ਕਰ ਰਹੇ ਹਨ। ਇਸੇ ਲੜੀ ਤਹਿਤ ਅੱਜ ਰਾਏਕੋਟ ਵਿਖੇ ਹਿੰਦ ਕਮਿਉਨਿਸਟ ਪਾਰਟੀ ਮਾਰਸਕਵਾਦੀ ਨੇ ਐਸ ਡੀ ਐਮ ਰਾਏਕੋਟ ਦੇ ਦਫਤਰ ਸਾਹਮਣੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪੁਤਲਾ ਫੂਕਿਆ ਅਤੇ ਮੰਗ ਕੀਤੀ ਕਿ ਵੈਨਜੁਏਲਾ ਦੇ ਰਾਸ਼ਟਰਪਤੀ ਅਤੇ ਉਸਦੇ ਪਰਿਵਾਰ ਨੂੰ ਬਾਇਜਤ ਆਜ਼ਾਦ ਕੀਤਾ ਜਾਵੇ

ਅੱਜ ਦੇ ਪੁਤਲਾ ਫੂਕ ਮੁਜ਼ਾਹਰੇ ਵਿੱਚ ਬਲਜੀਤ ਸਿੰਘ ਗਰੇਵਾਲ ਸੂਬਾ ਸਕੱਤਰੇਤ ਮੈਂਬਰ ਸੁਖਦੀਪ ਸਿੰਘ ਪ੍ਰਧਾਨ ਡੀ ਵਾਈ ਐਫ ਆਈ ਸੁਰਿੰਦਰ ਸਿੰਘ ਨੰਬਰਦਾਰ ਸੁਖਚੈਨ ਸਿੰਘ ਮਾਸਟਰ ਮੁਖਤਿਆਰ ਸਿੰਘ ਲਾਲਜੀਤ ਸਿੰਘ ਜੰਗ ਸਿੰਘ ਹਰਪਾਲ ਸਿੰਘ ਭੈਣੀ ਦਰੇੜਾ ਜਸਵਿੰਦਰ ਸਿੰਘ ਜਗਦੀਸ਼ ਸਿੰਘ ਗੁਰਮੀਤ ਸਿੰਘ ਤਲਵੰਡੀ ਪਰਮਿੰਦਰ ਸਿੰਘ ਮਿੰਟੂ ਨਛੱਤਰ ਸਿੰਘ ਸਿਆਮ ਸਿੰਘ ਲਾਭ ਸਿੰਘ ਆਤਮਾ ਸਿੰਘ ਬਲਵਿੰਦਰ ਸਿੰਘ ਭੈਣੀ ਗੁਰਮੀਤ ਸਿੰਘ ਕੁਲਦੀਪ ਸਿੰਘ ਜੌਹਲਾਂ ਹਰਦੇਵ ਸਿੰਘ ਦੇਬੀ । ਰਘਵੀਰ ਸਿੰਘ ਜੱਗਾ, ਗੁਰਭਿੰਦਰ ਗੁਰੀ.ਆਤਮਾ ਸਿੰਘ ਲੋਹਟਬੱਦੀ, ਇਕਬਾਲ ਸਿੰਘ ਗੁਲਾਬ, , ਸੁਸ਼ੀਲ ਵਰਮਾਂ, ਸ਼ਮਸ਼ੇਰ ਸਿੰਘ, ਨਾਮਪ੍ਰੀਤ ਸਿੰਘ ਗੋਗੀ, ਜਸਵੰਤ ਸਿੰਘ ਸਿੱਧੂ, ਬਿੱਟੂ ਹਲਵਾਰਾ,, ਮੁਹੰਮਦ ਇਮਰਾਨ, ਜਗਪਾਲ ਸਿੰਘ ਸਿਵੀਆਂਆਦਿ ਹਾਜਰ ਸਨ।

ਨਗਰ ਕੌਂਸਲ ਚੋਣਾਂ ਲਈ ਵਿਧਾਇਕ ਡਾ. ਚਰਨਜੀਤ ਸਿੰਘ ਵੱਲੋਂ ਪੰਜ ਵਾਰਡ ਇੰਚਾਰਜ ਕੀਤੇ ਨਿਯੁਕਤ

ਆਮ ਆਦਮੀ ਪਾਰਟੀ ਨੇ ਮੋਰਿੰਡਾ ਵਿੱਚ ਚੋਣ ਸਰਗਰਮੀਆਂ ਤੇਜ਼ ਕੀਤੀਆਂ, ਵਿਕਾਸ ਦੇ ਮੁੱਦੇ 'ਤੇ ਲੜੀਆਂ ਜਾਣਗੀਆਂ ਚੋਣਾਂ

ਮੋਰਿੰਡਾ (ਸੁਖਵਿੰਦਰ ਸਿੰਘ ਹੈਪੀ) ਨਗਰ ਕੌਂਸਲ ਮੋਰਿੰਡਾ ਦੀਆਂ ਆਗਾਮੀ ਚੋਣਾਂ ਨੂੰ ਮੁੱਖ ਰੱਖਦਿਆਂ ਆਮ ਆਦਮੀ ਪਾਰਟੀ ਨੇ ਆਪਣੀ ਚੋਣ ਮੁਹਿੰਮ ਦਾ ਆਗਾਜ਼ ਕਰ ਦਿੱਤਾ ਹੈ। ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ ਵੱਲੋਂ ਸ਼ਹਿਰ ਦੇ ਪੰਜ ਮਹੱਤਵਪੂਰਨ ਵਾਰਡਾਂ ਲਈ ਵੱਖ-ਵੱਖ ਇੰਚਾਰਜਾਂ ਦੀ ਨਿਯੁਕਤੀ ਕੀਤੀ ਗਈ ਹੈ। ਇਸ ਸਬੰਧੀ ਸਥਾਨਕ ਗਿਲਸਨ ਹੋਟਲ ਵਿਖੇ ਸੱਦੀ ਗਈ ਇੱਕ ਭਰਵੀਂ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਡਾ. ਚਰਨਜੀਤ ਸਿੰਘ ਨੇ ਕਿਹਾ ਕਿ ਭਾਵੇਂ ਪੰਜਾਬ ਸਰਕਾਰ ਵੱਲੋਂ ਅਜੇ ਚੋਣਾਂ ਦਾ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ, ਪਰ ਪਾਰਟੀ ਨੇ ਸੰਭਾਵਿਤ ਉਮੀਦਵਾਰਾਂ ਨੂੰ ਵਾਰਡਾਂ ਦੀ ਜ਼ਿੰਮੇਵਾਰੀ ਸੌਂਪ ਕੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਉਨ੍ਹਾਂ ਦੱਸਿਆ ਕਿ ਵਾਰਡ ਨੰਬਰ 1 ਲਈ ਸ੍ਰੀਮਤੀ ਮਨਜੀਤ ਕੌਰ, ਵਾਰਡ ਨੰਬਰ 2 ਲਈ ਨਿਰਮਲ ਸਿੰਘ ਮਿਹਰਬਾਨ, ਵਾਰਡ ਨੰਬਰ 3 ਲਈ ਸ੍ਰੀਮਤੀ ਹਰਪ੍ਰੀਤ ਕੌਰ, ਵਾਰਡ ਨੰਬਰ 4 ਲਈ ਨਵਦੀਪ ਸਿੰਘ ਟੋਨੀ ਅਤੇ ਵਾਰਡ ਨੰਬਰ 12 ਲਈ ਸੁਖਦੀਪ ਸਿੰਘ ਭੰਗੂ ਨੂੰ ਵਾਰਡ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਬਾਕੀ ਰਹਿੰਦੇ ਵਾਰਡਾਂ ਦੇ ਇੰਚਾਰਜਾਂ ਦਾ ਐਲਾਨ ਵੀ ਜਲਦੀ ਕਰ ਦਿੱਤਾ ਜਾਵੇਗਾ। ਵਿਧਾਇਕ ਨੇ ਸਰਕਾਰ ਦੀਆਂ ਪ੍ਰਾਪਤੀਆਂ ਦਾ ਵੇਰਵਾ ਦਿੰਦਿਆਂ ਕਿਹਾ ਕਿ 'ਆਪ' ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਵਿੱਚ ਰਿਕਾਰਡ ਵਿਕਾਸ ਹੋਇਆ ਹੈ। ਉਨ੍ਹਾਂ ਕਿਹਾ ਕਿ ਘਰੇਲੂ ਵਰਗ ਨੂੰ ਮੁਫ਼ਤ ਬਿਜਲੀ, ਬੇਰੁਜ਼ਗਾਰਾਂ ਨੂੰ ਨੌਕਰੀਆਂ ਅਤੇ ਸਿਹਤ ਸੇਵਾਵਾਂ ਵਿੱਚ ਵੱਡੇ ਸੁਧਾਰ ਕੀਤੇ ਗਏ ਹਨ। ਖਾਸ ਕਰਕੇ ਮੋਰਿੰਡਾ ਅਤੇ ਸ੍ਰੀ ਚਮਕੌਰ ਸਾਹਿਬ ਦੇ ਸਰਕਾਰੀ ਹਸਪਤਾਲਾਂ ਦੇ ਨਵੀਨੀਕਰਨ ਨਾਲ ਲੋਕਾਂ ਨੂੰ ਮੁਫ਼ਤ ਇਲਾਜ ਤੇ ਦਵਾਈਆਂ ਮਿਲ ਰਹੀਆਂ ਹਨ। ਮੋਰਿੰਡਾ ਦੇ ਸੀਵਰੇਜ ਸਬੰਧੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਲਟਕ ਰਿਹਾ ਇਹ ਕੰਮ ਹੁਣ ਮੁਕੰਮਲ ਹੋ ਚੁੱਕਾ ਹੈ। ਪੱਤਰਕਾਰਾਂ ਵੱਲੋਂ ਸੂਬੇ ਵਿੱਚ ਮੀਡੀਆ ਕਰਮੀਆਂ 'ਤੇ ਦਰਜ ਹੋ ਰਹੇ ਮਾਮਲਿਆਂ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਹਲਕੇ ਵਿੱਚ ਕਿਸੇ ਵੀ ਪੱਤਰਕਾਰ 'ਤੇ ਕੋਈ ਝੂਠਾ ਮਾਮਲਾ ਦਰਜ ਨਹੀਂ ਕੀਤਾ ਗਿਆ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਮੁਸ਼ਕਲਾਂ ਦੇ ਹੱਲ ਲਈ ਸਿੱਧੇ ਤੌਰ 'ਤੇ ਉਨ੍ਹਾਂ ਨੂੰ ਮਿਲ ਸਕਦੇ ਹਨ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਜਗਦੇਵ ਸਿੰਘ ਭਟੋਆ, ਸ਼ਹਿਰੀ ਪ੍ਰਧਾਨ ਨਵਦੀਪ ਸਿੰਘ ਟੋਨੀ, ਸੀਨੀਅਰ ਆਗੂ ਨਿਰਮਲ ਸਿੰਘ ਮਿਹਰਬਾਨ, ਸੰਦੀਪ ਸਿੰਘ ਸਿੰਬਲ ਮਾਜਰਾ, ਭੁਪਿੰਦਰ ਸਿੰਘ ਭੂਰਾ, ਸ਼ਮਸ਼ੇਰ ਸਿੰਘ ਮੰਗੀ ਅਤੇ ਜਸਵਿੰਦਰ ਸਿੰਘ ਸਮੇਤ ਪਾਰਟੀ ਵਰਕਰ ਹਾਜ਼ਰ ਸਨ।

ਮਾਸਟਰ ਕੇਡਰ ਵਿੱਚ ਪਦਉੱਨਤ ਹੋਏ ਅਧਿਆਪਕਾਂ ਲਈ ਸਟੇਸ਼ਨ ਚੋਣ ਵਿੱਚ ਪਾਰਦਰਸ਼ਤਾ ਰੱਖੀ ਜਾਵੇ ਅਤੇ ਟੈੱਟ ਦੀ ਲਗਾਈ ਸ਼ਰਤ ਨੂੰ ਖ਼ਤਮ ਕੀਤਾ ਜਾਵੇ:- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ

ਤਰੱਕੀ ਤੋਂ ਵਾਂਝੇ ਰਹਿ ਗਏ ਯੋਗ ਉਮੀਦਵਾਰਾਂ ਨੂੰ ਵੀ ਵਿਚਾਰਿਆ ਜਾਵੇ:- ਸੁੱਖਵਿੰਦਰ ਸਿੰਘ ਚਾਹਲ

ਫਿਲੌਰ/ਅੱਪਰਾ (ਦੀਪਾ) ਅਧਿਆਪਕ ਜਥੇਬੰਦੀਆਂ ਦੇ ਸੰਘਰਸ਼ ਤੋਂ ਬਾਅਦ ਸਿੱਖਿਆ ਵਿਭਾਗ ਵੱਲੋਂ ਤਿੰਨ ਹਜ਼ਾਰ ਦੇ ਕਰੀਬ ਅਧਿਆਪਕ ਮਾਸਟਰ ਕੇਡਰ ਵਿੱਚ ਪਦਉੱਨਤ ਹੋਏ ਹਨ ਜਿਸ ਲਈ ਸਟੇਸ਼ਨ ਚੋਣ ਲਈ ਜਿਲ੍ਹਾ ਪੱਧਰ ਤੇ ਆਧਿਆਪਕਾਂ ਨੂੰ ਬੁਲਾਇਆ ਹੈ ਅਤੇ ਪਦਉੱਨਤ ਹੋਏ ਹਰ ਅਧਿਆਪਕ ਤੋਂ ਦਸ ਦੇ ਲੱਗਭਗ ਤਰਜੀਹਾਂ ਭਰਵਾਈਆਂ ਜਾ ਰਹੀਆਂ ਹਨ। ਇਸ ਮੌਕੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਆਗੂਆਂ ਪ੍ਰਧਾਨ ਸੁੱਖਵਿੰਦਰ ਸਿੰਘ ਚਾਹਲ, ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਮਨੋਹਰ ਲਾਲ ਸ਼ਰਮਾਂ ਅਤੇ ਪ੍ਰੈੱਸ ਸਕੱਤਰ ਕਰਨੈਲ ਫ਼ਿਲੌਰ ਨੇ ਮੰਗ ਕੀਤੀ ਕਿ ਮਾਸਟਰ ਕੇਡਰ ਦੀ ਸਟੇਸ਼ਨ ਚੋਣ ਵਿੱਚ ਬਿਲਕੁੱਲ ਪਾਰਦਰਸ਼ਤਾ ਰੱਖੀ ਜਾਵੇ ਅਤੇ ਮੈਰਿਟ ਅਨੁਸਾਰ ਅਧਿਆਪਕਾਂ ਨੂੰ ਬੁਲਾ ਕੇ ਪਹਿਲੀ ਤਰਜੀਹ ਦੇ ਸਟੇਸ਼ਨ ਦਿੱਤੇ ਜਾਣ। ਉਹਨਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਦਾ ਨਾਅਰਾ ਦੇ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਪਹਿਲਾਂ ਪ੍ਰਿੰਸੀਪਲਾਂ ਅਤੇ ਲੈਕਚਰਾਰਾਂ ਦੀਆਂ ਸਟੇਸ਼ਨ ਚੋਣਾਂ ਦੌਰਾਨ ਕੋਈ ਮੈਰਿਟ ਜਾਂ ਪਾਰਦਰਸ਼ਤਾ ਨਹੀਂ ਰੱਖੀ ਗਾਈ ਅਤੇ ਅਧਿਆਪਕਾ ਨੂੰ ਦੂਰ ਦੂਰ ਸਟੇਸ਼ਨ ਦੇ ਕੇ ਖੱਜਲ ਕੀਤਾ ਗਿਆ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਆਗੂਆਂ ਨੇ ਹੁਣ ਵੀ ਖ਼ਦਸ਼ਾ ਪ੍ਰਗਟਾਇਆ ਹੈ ਕਿ ਜਿਲ੍ਹਾ ਪੱਧਰ ਤੇ ਸਟੇਸ਼ਨ ਚੋਣ ਸਮੇਂ ਰਾਜਨੀਤਿਕ ਦਖਲ ਅੰਦਾਜੀ ਹੋ ਸਕਦੀ ਹੈ। ਇਸ ਮੌਕੇ ਆਗੂਆਂ ਨੇ ਮੰਗ ਕੀਤੀ ਕਿ ਈਟੀਟੀ ਤੋਂ ਮਾਸਟਰ ਕੇਡਰ ਵਿੱਚ ਪਦਉੱਨਤ ਹੋਏ ਅਧਿਆਪਕਾਂ ਤੇ ਦੋ ਸਾਲ ਵਿੱਚ ਟੈੱਟ ਪਾਸ ਕਰਨ ਦੀ ਲਾਈ ਬੇਲੋੜੀ ਸ਼ਰਤ ਨੂੰ ਖ਼ਤਮ ਕੀਤਾ ਜਾਵੇ ਅਤੇ ਤਰੱਕੀ ਤੋਂ ਵਾਂਝੇ ਰਹਿ ਗਏ ਉਮੀਦਵਾਰਾਂ ਨੂੰ ਵੀ ਵਿਚਾਰਿਆ ਜਾਵੇ ਤਾਂ ਜੋ ਓਹਨਾਂ ਨੂੰ ਓਹਨਾਂ ਦਾ ਹੱਕ ਮਿਲ ਸਕੇ।

ਇਸ ਮੌਕੇ ਸੂਬਾ ਸੀਨੀਅਰ ਮੀਤ ਪ੍ਰਧਾਨ ਤੀਰਥ ਸਿੰਘ ਬਾਸੀ, ਕੁਲਦੀਪ ਸਿੰਘ ਪੁਰੋਵਾਲ, ਗੁਰਪ੍ਰੀਤ ਸਿੰਘ ਅਮੀਵਾਲ, ਮੀਤ ਪ੍ਰਧਾਨ ਸਿੰਘ ਰਛਪਾਲ ਵੜੈਚ,ਗੁਰਦੀਪ ਬਾਜਵਾ ਤੇ ਹਰਿੰਦਰ ਮੱਲੀਆਂ, ਫਤਿਹਗੜ੍ਹ ਸਾਹਿਬ ਤੋਂ ਰਾਜੇਸ਼ ਅਮਲੋਹ , ਰੋਪੜ ਤੋਂ ਧਰਮਿੰਦਰ ਸਿੰਘ ਭੰਗੂ ਹੁਸ਼ਿਆਰਪੁਰ ਤੋਂ ਪ੍ਰਿਤਪਾਲ ਚੋਟਾਲਾ ਜਸਵੀਰ ਤਲਵਾੜਾ,ਜਲੰਧਰ ਤੋਂ ਸੁਖਵਿੰਦਰ ਮੱਕੜ ਮੋਗਾ ਤੋਂ ਜੱਜਪਾਲ ਬਾਜੇ ਕੇ ,ਗੁਰਦਾਸਪੁਰ ਤੋਂ , ਦਿਲਦਾਰ ਭੰਡਾਲ ਮੁਕਤਸਰ ਸਾਹਿਬ ਤੋਂ ਮਨਜੀਤ ਸਿੰਘ ਬਰਾੜ ਅੰਮ੍ਰਿਤਸਰ ਤੋਂ ਸੁੱਚਾ ਸਿੰਘ ਟਰਪਈ, ਹਰਵਿੰਦਰ ਸਿੰਘ ਸੁਲਤਾਨਵਿੰਡ ਸੰਗਰੂਰ ਤੋਂ ਦੇਵੀ ਦਿਆਲ ,ਸਤਵੰਤ ਆਲਮਪੁਰ, ਬਰਨਾਲਾ ਤੋਂ ਤੇਜਿੰਦਰ ਸਿੰਘ ਤੇਜੀ, ਜਲੰਧਰ ਤੋਂ ਸ੍ਰੀ ਗਣੇਸ਼ ਭਗਤ ਫਿਰੋਜਪੁਰ ਤੋਂ ਰਾਜੀਵ ਹਾਂਡਾ,ਬਲਵਿੰਦਰ ਸਿੰਘ ਭੁੱਟੋ ,ਫਾਜਿਲਕਾ ਤੋਂ ਪਰਮਜੀਤ ਸਿੰਘ ਸੇਰੋਵਾਲ, ਨਿਸ਼ਾਂਤ ਅਗਰਵਾਲ ਪਟਿਆਲਾ ਤੋਂ ਜਸਵਿੰਦਰ ਸਿੰਘ ਸਮਾਣਾ, ਪਰਮਜੀਤ ਪਟਿਆਲਾ ਮਲੇਰਕੋਟਲਾ ਤੋਂ ਨੂਰ ਮੁਹੰਮਦ, ਕਮਲ ਜੈਨ ,ਪਠਾਨਕੋਟ ਤੋਂ ਸੁਭਾਸ਼ ਚੰਦਰ, ਅਮ੍ਰਿਤਪਾਲ ਸਿੰਘ ,ਗੁਰਮੇਲ ਸਿੰਘ ਕੁਰੜੀਆਂ ਮਾਨਸਾ ਤੋਂ ਨਰਿੰਦਰ ਸਿੰਘ ਮਾਖਾ, ਗੁਰਦਾਸ ਸਿੰਘ ਸਿੱਧੂ ਮੁਹਾਲੀ ਤੋਂ ਰਵਿੰਦਰ ਸਿੰਘ ਪੱਪੀ, ਮਨਪ੍ਰੀਤ ਸਿੰਘ,ਕਪੂਰਥਲਾ ਤੋਂ ਸੁਖਚੈਨ ਸਿੰਘ ਬੱਧਣ,ਜੀਵਨਜੋਤ ਮੱਲੀ,ਫਰੀਦਕੋਟ ਤੋਂ ਸਰਬਜੀਤ ਸਿੰਘ ਬਰਾੜ, ਨਵਾਂਸ਼ਹਿਰ ਤੋਂ ਬਿਕਰਮਜੀਤ ਸਿੰਘ, ਲੁਧਿਆਣਾ ਤੋਂ ਜਗਜੀਤ ਸਿੰਘ ਮਾਨ, ਪ੍ਰਭਜੀਤ ਰਸੂਲਪੁਰ,ਤਰਨ-ਤਾਰਨ ਤੋਂ ਸਰਬਜੀਤ ਸਿੰਘ ਸੰਧੂ, ਗੁਰਦੀਪ ਸਿੰਘ ,ਬਠਿੰਡਾ ਤੋਂ ਬਲਦੇਵ ਸਿੰਘ ਬਠਿੰਡਾ ਹਾਜ਼ਰ ਸਨ।

ਅੱਪਰਾ ਵਿਖੇ ਵਿਸ਼ਵ ਸ਼ਾਂਤੀ ਤੇ ਸਰਬੱਤ ਦੇ ਭਲੇ ਲਈ ਅਰਦਾਸ ਸਮਾਗਮ 11 ਜਨਵਰੀ ਨੂੰ

ਫਿਲੌਰ/ਅੱਪਰਾ, (ਦੀਪਾ)- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਥਾਨਕ ਭਾਈ ਮੇਹਰ ਚੰਦ (ਬੀ ਐਮ ਸੀ) ਚੌਂਕ ਵਿਖੇ ਸਥਿਤ ਦਰਗਾਹ ਸ਼ਰੀਫ ਹਜ਼ਰਤ ਪੀਰ ਬਾਬਾ ਆਸਾ ਰੂੜਾ ਜੀ ਦੇ ਅਸਥਾਨ ਤੇ ਗੱਦੀਨਸ਼ੀਨ ਸਾਂਈ ਅੱਤਾਉਲਾ ਕਾਦਰੀ ਉਰਫ ਮੋਤੀ ਸਾਂਈ ਜੀ ਦੀ ਅਗਵਾਈ ਹੇਠ ਵਿਸ਼ਵ ਸ਼ਾਂਤੀ ਤੇ ਸਰਬੱਤ ਦੇ ਭਲੇ ਲਈ ਅਰਦਾਸ ਸਮਾਗਮ ਮਿਤੀ 11 ਜਨਵਰੀ ਦਿਨ ਐਤਵਾਰ ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਦੁਪਹਿਰ 12 ਵਜੇ ਦੀਪਕ ਖੋਸਲਾ ਲੁਧਿਆਣੇ ਵਾਲੇ ਕੱਵਾਲ ਆਪਣਾ ਰੂਹਾਨੀਅਤ ਦਾ ਪ੍ਰੋਗਰਾਮ ਪੇਸ਼ ਕਰਨਗੇ। ਇਸ ਮੌਕੇ ਵਿਸਵ ਸ਼ਾਂਤੀ ਲਈ ਅਰਦਾਸ ਕੀਤੀ ਜਾਵੇਗੀ, ਉਪਰੰਤ ਖਤਮ ਸ਼ਰੀਫ ਨ ਪੜਿਆ ਜਾਵੇਗਾ। ਇਹ ਪ੍ਰੋਗਰਾਮ ਸਮੂਹ ਗ੍ਰਾਮ ਪੰਚਾਇਤ, ਇਲਾਕਾ ਵਾਸੀਆਂ,ਐਨ ਆਰ ਆਈਜ਼ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਸਮਾਗਮ ਦੌਰਾਨ ਇਲਾਕੇ ਭਰ ਤੋਂ ਸੰਤ ਮਹਾਂਪੁਰਸ਼ ਤੇ ਪੀਰ ਫਕੀਰ ਹਾਜ਼ਰ ਹੋਣਗੇ। ਇਸ ਮੌਕੇ ਅਤੁੱਟ ਲੰਗਰ ਵੀ ਵਰਤਾਏ ਜਾਣਗੇ।

ਮਨਰੇਗਾ ਕਾਨੂੰਨ ਦੀ ਬਹਾਲੀ ਲਈ 20 ਜਨਵਰੀ ਨੂੰ ਕਿਰਤੀ ਕੇਂਦਰੀ ਮੰਤਰੀ ਬਿੱਟੂ ਨੂੰ ਦੇਣਗੇ ਮੰਗ ਪੱਤਰ

ਨਵਾਂਸ਼ਹਿਰ /ਕਾਠਗੜ੍ਹ, (ਹਰਸਿਮਰਨ ਜੋਤ ਸਿੰਘ ਕਲੇਰ) ਮਨਰੇਗਾ ਅਧਿਕਾਰ ਅੰਦੋਲਨ ਪੰਜਾਬ ਦੀ ਕਾਠਗੜ੍ਹ ਜੋਨ ਦੇ ਆਗੂਆਂ ਦੀ ਮੀਟਿੰਗ ਸਾਥੀ ਮਨੋਹਰ ਲਾਲ ਟੌਂਸਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਮਨਰੇਗਾ ਕਾਨੂੰਨ ਨੂੰ ਖਤਮ ਕਰਨ ਅਤੇ ਉਸ ਦੀ ਥਾਂ ਨਵਾਂ ਕਾਨੂੰਨ ਲਿਆਉਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਮੀਟਿੰਗ 'ਚ ਫੈਸਲਾ ਕੀਤਾ ਕਿ ਕੇਂਦਰੀ ਸਰਕਾਰ ਕਾਰਪੋਰੇਟਾਂ ਨਾਲ ਮਿਲ ਕੇ ਜੋ ਨਵੇਂ ਕਾਨੂੰਨ ਦੇ ਹੱਕ ਵਿੱਚ ਕੂੜ ਪ੍ਰਚਾਰ ਕਰ ਰਹੀ ਹੈ ਉਸ ਦਾ ਮੋੜਵਾਂ ਜਵਾਬ ਮਨਰੇਗਾ ਕਿਰਤੀਆਂ ਦੀਆਂ ਮੀਟਿੰਗਾਂ ਵਿੱਚ ਦਿੱਤਾ ਜਾਵੇਗਾ। ਇਸ ਮੀਟਿੰਗ ਵਿੱਚ ਤਸੱਲੀ ਪ੍ਰਗਟ ਕੀਤੀ ਕਿ ਪਿੰਡਾਂ ਵਿੱਚ ਮਨਰੇਗਾ ਕਿਰਤੀਆਂ ਦੀਆਂ ਲਗਾਤਾਰ ਮੀਟਿੰਗਾਂ ਹੋ ਰਹੀਆਂ ਹਨ ਜਿਸ ਵਿੱਚ ਕੇਂਦਰ ਸਰਕਾਰ ਦੇ ਪੁਤਲੇ ਫੂਕੇ ਜਾ ਰਹੇ ਹਨ ਅਤੇ ਕੇਂਦਰ ਸਰਕਾਰ ਵਿਰੁੱਧ ਜ਼ੋਰਦਾਰ ਰੋਸ ਹੈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਦੱਸਿਆ ਕਿ 20

ਜਨਵਰੀ ਨੂੰ ਹਜ਼ਾਰਾਂ ਮਨਰੇਗਾ ਕਿਰਤੀ ਇਕੱਠੇ ਹੋ ਕੇ ਕੇਂਦਰੀ ਮੰਤਰੀ ਸ. ਰਵਨੀਤ ਸਿੰਘ ਬਿੱਟੂ ਨੂੰ ਮਨਰੇਗਾ ਕਾਨੂੰਨ ਨੂੰ ਬਹਾਲ ਕਰਨ ਲਈ ਮੰਗ ਪੱਤਰ ਲੁਧਿਆਣਾ ਵਿਖੇ ਦੇਣਗੇ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਅਮਰੀਕਾ ਸਾਮਰਾਜ ਦੇ ਇਸ਼ਾਰੇ 'ਤੇ ਦੇਸ਼ ਦੇ ਕਾਰਪੋਰੇਟਾਂ ਨਾਲ ਮਿਲ ਕੇ ਲਗਾਤਾਰ ਕਿਸਾਨਾਂ ਮਜ਼ਦੂਰਾਂ ਅਤੇ ਮੁਲਾਜ਼ਮਾਂ 'ਤੇ ਹਮਲੇ ਕਰ ਰਹੀ ਹੈ। ਬਿਜਲੀ ਐਕਟ 2025, ਚਾਰ ਲੇਬਰ ਕੋਡ ਅਤੇ ਸੀਡ ਬਿਲ ਦੇ ਵਿਰੋਧ ਵਿੱਚ ਐਸਕੇਐਮ ਅਤੇ ਵੱਡੀਆਂ ਟਰੇਡ ਯੂਨੀਨਾਂ ਦੀ ਅਗਵਾਈ ਹੇਠ 12 ਫਰਵਰੀ ਨੂੰ ਦੇਸ਼ ਵਿਆਪੀ ਆਮ ਹੜਤਾਲ ਕੀਤੀ ਜਾ ਰਹੀ ਹੈ ਅਤੇ 16 ਜਨਵਰੀ ਨੂੰ ਜਿਲ੍ਹਾ ਪੱਧਰ 'ਤੇ ਧਰਨੇ ਦਿੱਤੇ ਜਾ ਰਹੇ ਹਨ। ਉਹਨਾਂ ਸਮੂਹ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਨੂੰ ਅਪੀਲ ਕੀਤੀ ਕਿ ਇਹਨਾਂ ਸੰਘਰਸ਼ਾਂ ਵਿੱਚ ਵਧ ਚੜ ਕੇ ਹਿੱਸਾ ਲਿਆ ਜਾਵੇ। ਇਸੇ ਦੌਰਾਨ ਇਹ ਫੈਸਲਾ ਵੀ ਕੀਤਾ ਕਿ ਕਾਠਗੜ੍ਹ ਜੋਨ ਤੋਂ 10 ਮੌਕੇ ਅਵਤਾਰ ਲਾਲ ਬਲਾਕ ਸੰਮਤੀ ਮੈਂਬਰ, ਸ਼ਸ਼ੀ ਰਾਣਾ ਸਾਬਕਾ ਸਰਪੰਚ ਟੌਂਸਾ, ਮਾ. ਮੋਹਨ ਲਾਲ ਰੱਤੇਵਾਲ, ਮੋਹਨ ਸਿੰਘ ਪ੍ਰਧਾਨ, ਬੀਬੀ ਆਸ਼ਾ ਦੇਵੀ, ਕਰਨੈਲ ਸਿੰਘ ਭੱਲਾ, ਰਾਮ ਕਿਸ਼ਨ, ਮਨੋਹਰ ਲਾਲ, ਪ੍ਰਤਾਪ ਰਾਣਾ, ਅਵਤਾਰ ਚੰਦ ਅਤੇ ਬੰਤ ਰਾਮ ਨੇ ਵੀ ਵਿਚਾਰ ਪੇਸ਼ ਕੀਤੇ। ਗੱਡੀਆਂ ਦਾ ਕਾਫਲਾ 20 ਜਨਵਰੀ ਨੂੰ ਮੰਗ ਪੱਤਰ ਦੇਣ ਲਈ ਰਵਾਨਾ ਹੋਵੇਗਾ। ਇਸ

ਸਮਾਜ ਵੀਕਲੀ ਨਿਊਜ

ਐਸ.ਸੀ.ਕਮਿਸ਼ਨ ਵਲੋਂ ਵੱਖ ਵੱਖ ਮਾਮਲਿਆਂ ਵਿੱਚ ਪਟਿਆਲਾ ਦੇ ਐਸ.ਪੀ. ਅਤੇ ਡੀ.ਐਸ.ਪੀ ਸਿਟੀ 1 ਤਲਬ

ਕਤਲ ਕਾਂਡ ਵਿਚ ਪੁਲਿਸ ਵਲੋਂ ਕਾਰਵਾਈ ਨਾ ਕਰਨ ਉਤੇ ਡੀ.ਐਸ.ਪੀ ਸਿਟੀ 1 ਪਟਿਆਲਾ ਤਲਬ

ਨਵਾਸ਼ਹਿਰ , (ਜਤਿੰਦਰ ਪਾਲ ਸਿੰਘ ਕਲੇਰ) ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਪਟਿਆਲਾ ਜ਼ਿਲ੍ਹੇ ਨਾਲ ਸਬੰਧਿਤ ਦੋ ਵੱਖ ਵੱਖ ਮਾਮਲਿਆਂ ਵਿਚ ਪਟਿਆਲਾ ਦੇ ਐਸ.ਪੀ. ਅਤੇ ਡੀ.ਐਸ.ਪੀ ਸਿਟੀ 1 ਨੂੰ ਤਲਬ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਰਾਮ ਪ੍ਰਸ਼ਾਦ ਪੁੱਤਰ ਸ਼੍ਰੀ ਵਾਸਦੇਵ ਉਮਰ 70 ਸਾਲ ਵਾਸੀ ਪਿੰਡ ਬਲਬੇੜਾ ਜਿਲ੍ਹਾ ਅਤੇ ਤਹਿਸੀਲ ਪਟਿਆਲਾ ਨੇ ਕਮਿਸ਼ਨ ਨੂੰ ਸ਼ਿਕਾਇਤ ਦਿੱਤੀ ਹੈ ਕਿ ਉਸ ਦਾ ਲੜਕਾ ਗੁਰਤੇਜ ਸਿੰਘ ਦੁਕਾਨ ਤੇ ਕੰਮ ਕਰਦਾ ਅਤੇ ਮਿਤੀ 13-12-2025 ਨੂੰ ਉਹ ਕੰਮ ਤੇ ਗਿਆ ਅਤੇ ਉਨ੍ਹਾਂ ਨੂੰ ਉਸੇ ਦਿਨ ਸਵੇਰੇ 11 ਵਜੇ ਫੋਨ ਆਇਆ ਕਿ ਗੁਰਤੇਜ ਸਿੰਘ ਦੀ ਮੌਤ ਹੋ ਗਈ ਹੈ। ਪੁਲਿਸ ਨੇ ਮ੍ਰਿਤਕ ਦੇਹ ਮੋਰਚੂਰੀ ਵਿੱਚ ਰਖਵਾ ਦਿੱਤੀ ਸੀ। ਥਾਣਾ ਸਿਵਲ ਲਾਈਨ ਪਟਿਆਲਾ ਨੇ

ਸਾਡੀ ਕਿਸੇ ਤਰ੍ਹਾਂ ਦੀ ਕੋਈ ਸੁਣਵਾਈ ਨਹੀ ਕੀਤੀ, ਉਲਟ 174 ਦੀ ਕਾਰਵਾਈ ਕਰਕੇ ਸਾਨੂੰ ਕਿਹਾ ਕਿ ਇਨ੍ਹਾਂ ਦਾ ਸੰਸਕਾਰ ਕਰ ਦਿਓ। ਜਦੋ ਅਸੀ ਆਪ ਲੜਕੇ ਦੀ ਮ੍ਰਿਤਕ ਦੇਹ ਨੂੰ ਦੇਖਿਆ ਤਾਂ ਉਹ ਅੱਗ ਨਾਲ ਬੁਰੀ ਤਰ੍ਹਾਂ ਝੁਲਸੀ ਹੋਈ ਸੀ। ਇਸ ਮਾਮਲੇ ਵਿਚ ਕਮਿਸ਼ਨ ਵਲੋਂ ਪਟਿਆਲਾ ਪੁਲਿਸ ਨੂੰ ਕਾਰਵਾਈ ਕਰਨ ਲਈ ਹਦਾਇਤਾਂ ਕੀਤੀਆਂ ਗਈਆਂ ਪ੍ਰੰਤੂ ਪੁਲਿਸ ਵੱਲੋਂ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਜਿਸ ਸਬੰਧੀ ਕਾਰਵਾਈ ਕਰਦਿਆਂ ਡੀ.ਐਸ.ਪੀ ਸਿਟੀ 1 ਪਟਿਆਲਾ ਸਤਿਨਾਮ ਸਿੰਘ ਨੂੰ ਮਿਤੀ 14 ਜਨਵਰੀ 2026 ਨੂੰ ਤਲਬ ਕੀਤਾ ਹੈ। ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੁਖਦੀਪ ਕੌਰ ਪਤਨੀ ਸੁਖਵਿੰਦਰ ਸਿੰਘ ਵਾਸੀ ਧਾਮੋ ਮਾਜਰਾ ਪਟਿਆਲਾ ਵਲੋਂ ਥਾਣੇਦਾਰ ਬਲਜੀਤ ਸਿੰਘ ਖਿਲਾਫ ਪੁਲਿਸ ਕੋਲ ਦਰਜ਼ ਮਾਮਲੇ ਵਿਚ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੀਆਂ ਹਦਾਇਤਾਂ ਦੇ ਬਾਵਜੂਦ ਕਾਰਵਾਈ ਅਮਲ ਵਿੱਚ ਨਾ ਲਿਆਉਣ ਦੇ ਮਾਮਲੇ ਵਿਚ ਪਟਿਆਲਾ ਜ਼ਿਲ੍ਹੇ ਦੇ ਪੰਜਾਬ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਐਸ.ਪੀ. ਸਵਰਨਜੀਤ ਕੌਰ ਨੂੰ 14 ਜਨਵਰੀ 2026 ਨੂੰ ਤਲਬ ਕੀਤਾ ਹੈ।

ਉਮਰ ਖਾਲਿਦ, ਸ਼ਰਜੀਲ ਇਮਾਮ ਨੂੰ ਤੁਰੰਤ ਰਿਹਾਅ ਕਰੇ ਨਿਆਂਪਾਲਿਕਾ - ਤਰਕਸ਼ੀਲ ਸੁਸਾਇਟੀ

ਬਿਨਾਂ ਦੋਸ਼ ਸਾਲਾਂ ਬੱਧੀ ਜੇਲ੍ਹੀਂ ਡੱਕਣਾ ਮੋਦੀ ਸਰਕਾਰ ਦੀ ਰਾਜਸੀ ਬਦਲਾਖੋਰੀ ਅਤੇ ਹਕੂਮਤੀ ਤਾਨਾਸ਼ਾਹੀ

ਬਰਨਾਲਾ । ਤਰਕਸ਼ੀਲ ਸੁਸਾਇਟੀ ਪੰਜਾਬ ਨੇ ਸੁਪਰੀਮ ਕੋਰਟ ਵੱਲੋਂ ਸਾਬਕਾ ਵਿਦਿਆਰਥੀ ਨੇਤਾ ਉਮਰ ਖ਼ਾਲਿਦ, ਸ਼ਰਜੀਲ ਇਮਾਮ ਦੀ ਜ਼ਮਾਨਤ ਖਾਰਜ ਕਰਨ ਦੇ ਫੈਸਲੇ ਦਾ ਸਖ਼ਤ ਵਿਰੋਧ ਕਰਦਿਆਂ ਭਾਰਤੀ ਨਿਆਂਪਾਲਿਕਾ ਉਤੇ ਦੋਹਰੇ ਮਿਆਰ ਅਪਣਾਉਣ ਅਤੇ ਜਮਹੂਰੀ ਤੇ ਸੰਵਿਧਾਨਕ ਹੱਕਾਂ ਦੀ ਘੋਰ ਅਣਦੇਖੀ ਕਰਨ ਦਾ ਦੋਸ਼ ਲਾਇਆ ਹੈ। ਤਰਕਸ਼ੀਲ ਸੁਸਾਇਟੀ ਦੇ ਸੂਬਾਈ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋਂ, ਰਾਜੇਸ਼ ਅਕਲੀਆ,ਜਸਵਿੰਦਰ ਫਗਵਾੜਾ, ਜੋਗਿੰਦਰ ਕੁੱਲੇਵਾਲ ਅਤੇ ਸੁਮੀਤ ਅੰਮ੍ਰਿਤਸਰ ਨੇ ਤਰਕਸ਼ੀਲ ਭਵਨ ਬਰਨਾਲਾ ਤੋਂ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਮਰ ਖ਼ਾਲਿਦ, ਸ਼ਰਜੀਲ ਇਮਾਮ ਅਤੇ ਹੋਰਨਾਂ ਸਮਾਜਿਕ ਕਾਰਕੁਨਾਂ ਨੂੰ ਪੱਖਪਾਤੀ ਤੇ ਫਿਰਕੂ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਦੇ ਖਿਲਾਫ਼ ਜਮਹੂਰੀ ਅੰਦੋਲਨ ਦੇ ਦੌਰਾਨ ਹਿੰਸਾ ਭੜਕਾਉਣ ਦੇ ਝੂਠੇ ਇਲਜ਼ਾਮਾਂ ਵਿੱਚ ਫਸਾਇਆ ਗਿਆ ਹੈ ਅਤੇ ਇਹ ਯੂਏਪੀਏ ਅਤੇ ਹੋਰ ਜਾਬਰ ਕਾਨੂੰਨੀ ਧਾਰਾਵਾਂ ਤਹਿਤ ਉਨ੍ਹਾਂ ਦੀ ਲਗਾਤਾਰ

ਜੇਲ੍ਹਬੰਦੀ ਸੱਤਾ ਨੂੰ ਸਵਾਲ ਕਰਨ ਵਾਲੀਆਂ ਅਵਾਜ਼ਾਂ ਨੂੰ ਦਬਾਉਣ ਦੀ ਰਾਜਨੀਤਕ ਬਦਲਾਲਊ ਕਾਰਵਾਈ ਹੈ। ਤਰਕਸ਼ੀਲ ਆਗੂਆਂ ਨੇ ਦੋਸ਼ ਲਾਇਆ ਕਿ ਉਮਰ ਖ਼ਾਲਿਦ ਸ਼ਰਜੀਲ ਇਮਾਮ ਅਤੇ ਹੋਰ ਕਾਰਕੁਨ 2020 ਤੋਂ ਲੈ ਕੇ ਬਿਨਾ ਜ਼ਮਾਨਤ, ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿੱਚ ਸੜ ਰਹੇ ਹਨ ਜਦਕਿ ਇਸਦੇ ਉਲਟ ਹਿੰਸਾ ਦੇ ਅਸਲੀ ਦੋਸ਼ੀ ਭਾਜਪਾ ਅਤੇ ਹੋਰ ਭਗਵਾਂ ਆਗੂ ਜਿਨ੍ਹਾਂ ਨੇ ਸ਼ਰੇਆਮ ਫਿਰਕੂ ਨਫ਼ਰਤ ਫੈਲਾਈ, ਹਿੰਦੂਤਵਵਾਦੀ ਸ਼ਾਸਨ ਦੀ ਰਾਜਸੀ ਤੇ ਰਾਜਕੀ ਸਰਪ੍ਰਸਤੀ ਦਾ ਆਨੰਦ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਨਿਆਂਪਾਲਿਕਾਵਾਂ ਨੂੰ ਨਿਆਂ ਪ੍ਰਣਾਲੀ ਦੀ ਭਰੋਸੇਯੋਗਤਾ ਬਰਕਰਾਰ ਰੱਖਣ ਲਈ ਸੰਵਿਧਾਨਿਕ, ਜਮਹੂਰੀ ਅਤੇ ਨਾਗਰਿਕ ਹੱਕਾਂ ਦੀ ਰੱਖਿਆ ਕਰਨੀ ਚਾਹੀਦੀ ਹੈ ਅਤੇ ਕਿਸੇ ਵੀ ਤਰਾਂ ਦੇ ਦਬਾਅ ਹੇਠ ਪੱਖਪਾਤੀ ਫ਼ੈਸਲੇ ਨਹੀਂ ਦੇਣੇ ਚਾਹੀਦੇ। ਉਨ੍ਹਾਂ ਮੰਗ ਕੀਤੀ ਕਿ ਉਮਰ ਖ਼ਾਲਿਦ ਸ਼ਰਜੀਲ ਇਮਾਮ ਸਹਿਤ ਸਾਰੇ ਜਮਹੂਰੀ ਕਾਰਕੁਨਾਂ ਅਤੇ ਰਾਜਨੀਤਿਕ ਕੈਦੀਆਂ ਨੂੰ ਤੁਰੰਤ ਰਿਹਾ ਕੀਤਾ ਜਾਵੇ ਅਤੇ ਸੱਤਾ ਨਾਲ ਅਸਹਿਮਤ ਆਵਾਜਾਂ ਨੂੰ ਦਬਾਉਣ ਲਈ ਬਣਾਏ ਗਏ ਸਾਰੇ ਝੂਠੇ ਕੇਸ ਤੁਰੰਤ ਰੱਦ ਕੀਤੇ ਜਾਣ।

ਸੁਮੀਤ ਅੰਮ੍ਰਿਤਸਰ
ਸੂਬਾਈ ਮੀਡੀਆ ਮੁਖੀ
ਫਾਇਲ ਫੋਟੋ

ਧਾਮ ਸੇਵਿਕਾ ਅਤੇ ਮੇਅਰ ਇੰਦਰਜੀਤ ਕੌਰ ਨੇ ਮਨੀਸ਼ ਸਸੋਦੀਆ ਅਤੇ ਅਮਨ ਅਰੋੜਾ ਨੂੰ ਅਖੰਡ ਮਹਾਯੱਗ ਲਈ ਸੱਦਾ ਦਿੱਤਾ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਮਹੰਤ ਪ੍ਰਵੀਨ ਦੀ ਅਗਵਾਈ ਹੇਠ 11 ਫਰਵਰੀ ਤੋਂ 21 ਫਰਵਰੀ, 2026 ਤੱਕ ਲੁਧਿਆਣਾ ਪੱਖੋਵਾਲ ਰੋਡ 'ਤੇ ਮਾਂ ਬਗਲਾਮੁਖੀ ਧਾਮ ਵਿਖੇ 243 ਘੰਟੇ ਦਾ ਅਖੰਡ ਮਹਾਯੱਗ ਆਯੋਜਿਤ ਕੀਤਾ ਜਾਵੇਗਾ। ਧਾਮ ਸੇਵਕ ਅਖੰਡ ਮਹਾਯੱਗ ਲਈ ਦੇਸ਼ ਭਰ ਦੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਪ੍ਰਤੀਨਿਧੀਆਂ ਨੂੰ ਸੱਦਾ ਦੇ ਰਹੇ ਹਨ। ਇਸ ਪਹਿਲਕਦਮੀ ਦੇ ਹਿੱਸੇ ਵਜੋਂ, ਧਾਮ ਸੇਵਕਾਂ ਨੇ ਲੁਧਿਆਣਾ ਦੇ ਮੇਅਰ ਇੰਦਰਜੀਤ ਕੌਰ ਅਤੇ ਰਵੀ ਆਨੰਦ ਦੇ ਨਾਲ, ਆਮ ਆਦਮੀ ਪਾਰਟੀ ਦੇ ਪੰਜਾਬ ਇੰਚਾਰਜ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਸੋਦੀਆ, ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ 'ਆਪ' ਨੇਤਾ ਆਦਿਲ ਅਹਿਮਦ ਖਾਨ ਨੂੰ ਅਖੰਡ ਮਹਾਯੱਗ ਲਈ ਸੱਦਾ

ਦਿੱਤਾ। ਮਨੀਸ਼ ਸਸੋਦੀਆ ਨੇ ਅਖੰਡ ਮਹਾਯੱਗ ਦੇ ਸੱਦੇ ਨੂੰ ਸਵੀਕਾਰ ਕਰਦੇ ਹੋਏ ਕਿਹਾ ਕਿ ਅਖੰਡ ਮਹਾਯੱਗ ਪੰਜਾਬ ਦੀ ਏਕਤਾ ਅਤੇ ਅਖੰਡਤਾ ਨੂੰ ਬਣਾਈ ਰੱਖਣ ਵਿੱਚ ਮਦਦਗਾਰ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਧਰਮ ਦਾ ਅਰਥ ਏਕਤਾ ਹੈ, ਅਤੇ ਸਾਨੂੰ ਦੇਸ਼ ਅਤੇ ਪੰਜਾਬ ਦੀ ਏਕਤਾ ਅਤੇ ਅਖੰਡਤਾ ਨੂੰ ਬਣਾਈ ਰੱਖਣਾ ਚਾਹੀਦਾ ਹੈ। ਸਾਨੂੰ ਬੁਰੀਆਂ ਤਾਕਤਾਂ ਨੂੰ ਅੱਗੇ ਵਧਣ ਤੋਂ ਰੋਕਣਾ ਚਾਹੀਦਾ ਹੈ ਅਤੇ ਨਸ਼ੇ ਦੀ ਬੁਰਾਈ ਨੂੰ ਖਤਮ ਕਰਨਾ ਚਾਹੀਦਾ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮਹੰਤ ਪ੍ਰਵੀਨ ਚੌਧਰੀ ਦੀ ਅਗਵਾਈ ਹੇਠ ਮਾਂ ਬਗਲਾਮੁਖੀ ਧਾਮ ਦੇ ਸ਼ਰਧਾਲੂਆਂ ਵੱਲੋਂ ਕੀਤਾ ਜਾ ਰਿਹਾ ਕੰਮ ਸ਼ਲਾਘਾਯੋਗ ਹੈ। ਮਹੰਤ ਪ੍ਰਵੀਨ ਚੌਧਰੀ ਨੇ ਕਿਹਾ ਕਿ ਅਖੰਡ ਮਹਾਯੱਗ ਨਵੀਂ ਊਰਜਾ ਭਰੇਗਾ ਅਤੇ ਸਾਰਿਆਂ ਲਈ ਤਰੱਕੀ ਅਤੇ ਖੁਸ਼ਹਾਲੀ ਦਾ ਰਾਹ ਪੱਧਰਾ ਕਰੇਗਾ। ਮੇਅਰ ਇੰਦਰਜੀਤ ਕੌਰ ਨੇ ਮਹਾਨਗਰ ਦੇ ਲੋਕਾਂ ਨੂੰ ਖੁੱਲ੍ਹਾ ਸੱਦਾ ਦਿੰਦੇ ਹੋਏ ਕਿਹਾ ਕਿ ਮਾਂ ਬਗਲਾਮੁਖੀ ਨੇ ਸ਼ਰਧਾਲੂਆਂ ਨੂੰ ਯੱਗ ਵਿੱਚ ਹਿੱਸਾ ਲੈਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ।

ਰੁਲਦੂ ਕਹਿੰਦਾ ਅਪਣੀ ਹਾਨਣ ਨੂੰ

ਤੂੰ ਵੀ ਹੋ 'ਗੀ ਪੈਂਹਠ ਦੀ ਬੱਲੀਏ ,
ਮੈਂ ਸੱਤਰਾਂ ਨੂੰ ਟੱਪ ਚੱਲਿਆ ।
ਚੰਗੀ ਨੂੰਹ ਅਤੇ ਪੁੱਤ ਦੇ ਸਿਰ 'ਤੇ ,
ਹੈ ਰੰਗਲਾ ਪੀੜ੍ਹਾ ਮੱਲਿਆ ।
ਤੂੰ ਸ਼ੁਕਰ ਮਨਾ ਹਾਲੇ ਤਨ ਤੇ ਮਨ ਤੋਂ ,
ਬਹੁਤਿਆਂ ਦੇ ਨਾਲ਼ੋਂ ਚੰਗੇ ਹਾਂ ;
ਨਈਂ ਤਾਂ ਸਾਡੇ ਹਾਣਦੇ ਲੱਗਦੇ ਨੇ ,
ਜਿਓਂ ਰੋਂਦ ਹੁੰਦੈ ਕੋਈ ਚੱਲਿਆ ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।
9914836037

ਚੜ੍ਹਦੀ ਕਲਾ

ਵਰਤਾਰਾ ਅਕਾਲ ਦਾ ਹੋਣੀ ਲੈਂਦੀ ਉਲੀਕ
ਸ਼ਹਾਦਤ ਹੁੰਦੀ ਚੜ੍ਹਦੀ ਕਲਾ ਦਾ ਪ੍ਰਤੀਕ।
ਆਪ ਉਜੜ ਕੇ ਪੰਥ ਵਸਾਉਣ ਦੀ ਸੀ ਸੋਚ
ਜਾਬਰ ਜ਼ੁਲਮ ਖ਼ਿਲਾਫ਼ ਖੜ੍ਹਨ ਦੀ ਸਾਜੀ ਲੋਚ॥
ਬਖਸ਼ ਖੰਡੇ ਬਾਟੇ ਦੀ ਪਾਹੁਲ ਖ਼ਾਲਸਾ ਸਜਾਇਆ
ਅਦੁੱਤੀ ਹਸਤੀ ਚਿੜਿਓ ਬਾਜ਼ ਤੁੜਾਇਆ।
ਬਾਣੀ ਅਤੇ ਬਾਣੇ ਦਾ ਅਲੌਕਿਕ ਥਾਪਿਆ ਮੇਲ
ਚਾਰ ਫਰਜ਼ੰਦ ਵਾਰ ਅਜਬ ਰਚਾਇਆ ਖੇਲ੍ਹ॥
ਪੰਜ ਪਿਆਰਿਆਂ ਨੂੰ ਬਖਸ਼ਿਆ ਦਸਮ ਪਾਤਸ਼ਾਹ ਮਾਣ
ਪੰਜਾਂ ਤੋਂ ਲੈ ਪਾਹੁਲ ਕੀਤੀ ਸਮੁੱਚੀ ਲੋਕਾਈ ਹੈਰਾਨ।
ਸ਼ਸਤਰਾਂ ਦੀ ਮਹਿਮਾ ਨੂੰ ਵਧਾਇਆ ਆਖ ਪੀਰ
ਦੁਸ਼ਮਣ ਦੀ ਲੋਥਾਂ ਦਾ ਕਫ਼ਨ ਬਣੇ ਸੋਨੇ ਲੱਗਾ ਤੀਰ॥
ਢਹਿੰਦੀਆਂ ਕਲਾਵਾਂ ਨੂੰ ਮੁੱਢੋਂ ਦਿੱਤਾ ਮਨੋਂ ਵਿਸਾਰ
ਚੜ੍ਹਦੀ ਕਲਾ ਦੀ ਗੁੜ੍ਹਤੀ ਦੇ ਦਿੱਤਾ ਜਨਮ ਸੰਵਾਰ।
ਸੰਤ ਦੇ ਨਾਲ ਸਿਪਾਹੀ ਦੀ ਅਜਬ ਚਲਾ ਦਿੱਤੀ ਰੀਤ
ਸੁਰਿੰਦਰ ਰਚੇ ਕਵਿਤਾ ਡੁੱਬ ਅਕਾਲ ਪੁਰਖ ਦੀ ਪ੍ਰੀਤ॥

ਡਾ. ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਦਸਮ ਪਿਤਾ ਸੀ ਦਸਮ ਅਵਤਾਰ ਆਏ,
ਇਸ ਧਰਤੀ 'ਤੇ ਦਾਤਾ ਦਾਤਾਰ ਆਏ।
ਜ਼ਬਰ ਜ਼ੁਲਮ ਦੀ ਜੜ੍ਹ ਪੁੱਟਣ ਲਈ,
ਕੁੱਲ ਹਿੰਦ ਦੀ ਬਣ ਸਰਕਾਰ ਆਏ।
ਦਸਾਂ ਗੁਰਾਂ ਦਾ ਧਾਰ ਕੇ ਰੂਪ ਆਏ,
ਰੱਬੀ ਜੋਤਿ ਦਾ ਆਪ ਸਰੂਪ ਆਏ।
ਸੱਚੇ ਸਿੱਖ ਲਈ ਸੱਚੀ ਸਰਕਾਰ ਬਣ ਕੇ,
ਜ਼ਾਲਮ ਲਈ ਸੀ ਚੁੱਕ ਤਲਵਾਰ ਆਏ।
ਸੱਚੇ ਗੁਰੂ ਤੇ ਸੰਤ ਸਿਪਾਹੀ ਬਣ ਗਏ,
ਆਗੂ ਕੌਮ ਦੇ ਬਣ ਅਗਵਾਈ ਕਰ ਗਏ।
ਰੱਬੀ ਬਾਣੀ ਦਾ ਮੁੱਖੋਂ ਫੁਰਮਾਨ ਕਰਕੇ,
ਓਹਦੇ ਨਾਲ ਹੀ ਜੋਤਿ ਇਲਾਹੀ ਬਣ ਗਏ।
ਪੰਜਾਂ ਸਿੰਘਾਂ ਦੀ ਜਦੋਂ ਪਛਾਣ ਕੀਤੀ,
ਫੜ ਹੱਥ ਦੇ ਵਿੱਚ ਤਲਵਾਰ ਲੀਤੀ।
ਕੱਲੇ-ਕੱਲੇ ਨੂੰ ਤੰਬੂ ਵਿੱਚ ਲੈ ਜਾਂਦੇ ਨੇ,
ਮੁੜ ਆ ਜੈਕਾਰਾ ਛੁਡਾਉਂਦੇ ਨੇ।
ਸਿੰਘ ਸਾਜੇ ਤੇ ਸਿੰਘਾਂ ਨੂੰ ਰੂਪ ਦਿੱਤਾ,
ਖੁਦ ਆਪਣੇ ਵਾਲਾ ਸਰੂਪ ਦਿੱਤਾ।
ਪੰਜਾਂ ਕੱਕਿਆਂ ਨਾਲ ਸ਼ਿੰਗਾਰ ਕਰਕੇ,
ਗੁਰਾਂ ਸਿੱਖਾਂ ਨੂੰ ਸਿੰਘਾਂ ਦਾ ਰੂਪ ਦਿੱਤਾ।
ਖਾਤਿਰ ਹਿੰਦ ਸਰਬੰਸ ਕੁਰਬਾਨ ਕੀਤਾ,
ਕੁੱਲ ਖ਼ਲਕਤ ਨੇ ਆਉਣ ਸਲਾਮ ਕੀਤਾ।
ਪੁੱਤਰ ਚਾਰ ਸਰਬੰਸ ਦੇ ਬਣੇ ਬਾਲੀ,
ਕੁੱਲ ਹਿੰਦ ਦੀ ਰੱਖੀ ਜੋ ਸ਼ਾਨ ਆਲੀ।
ਪੁੱਤਾਂ ਵਾਰੇ ਜਦ ਮਾਂ ਸਵਾਲ ਕੀਤਾ,
ਸਤਿ ਗੁਰਾਂ ਨੇ ਆਉਣ ਫੁਰਮਾਨ ਕੀਤਾ।
ਪੁੱਤਰ ਚਾਰ ਸ਼ਹੀਦੀਆਂ ਪਾ ਗਏ ਨੇ,
ਲੱਖਾਂ ਪੁੱਤਾਂ ਦੇ ਤਾਈਂ ਬਚਾ ਗਏ ਨੇ।
ਮਸਲਾਂ ਵਿੱਚ ਸੰਸਾਰ ਦੇ ਬਹੁਤ ਬਣੀਆਂ,
ਇਕ ਅਨੋਖੀ ਮਸਾਲ ਦਸ਼ਮੇਸ਼ ਦੀ ਏ।
ਪੁੱਤਰ ਚਾਰ ਤੇ ਪਿਤਾ ਕੁਰਬਾਨ ਕਰਕੇ,
ਚੜ੍ਹਦੀ ਕਲਾ ਫੇਰ ਵੇਖ ਦਸ਼ਮੇਸ਼ ਦੀ ਏ।
ਸਵਾ ਲੱਖ ਨਾਲ ਇਕ ਲੜਾ ਗਏ ਨੇ,
ਕਲਾ ਆਪਣੀ ਖ਼ੂਬ ਦਿਖਾ ਗਏ ਨੇ।
ਚਿੜੀਆਂ ਪਾਸੋਂ ਉਹ ਬਾਜ ਤੁੜਵਾ ਗਏ ਨੇ,
ਗੋਬਿੰਦ ਸਿੰਘ ਜੋ ਨਾਮ ਕਹਾ ਗਏ ਨੇ।
ਸਤਿਗੁਰਾਂ ਨੇ ਫੇਰ ਫੁਰਮਾਨ ਦਿੱਤੇ,
ਗ੍ਰੰਥ ਸਾਹਿਬ ਨੂੰ ਗੁਰਾਂ ਦੇ ਮਾਣ ਦਿੱਤੇ।
ਗੁਰੂ ਮੰਨਣਾ ਸਿੱਖਾਂ ਨੂੰ ਹੁਕਮ ਕਰ ਗਏ,
ਡੇਰਾ ਆਪ ਸੰਸਾਰ ਤੋਂ ਕੂਚ ਕਰ ਗਏ।
ਦਸ ਬੰਧਾਂ ਤੋਂ ਅੱਗੇ ਵਰਾਮ ਦਿੰਦਾ,
ਸਤਿਗੁਰਾਂ ਨੂੰ ਫਤਿਹ ਸਲਾਮ ਦਿੰਦਾ।
ਸਤਿ ਸ਼੍ਰੀ ਅਕਾਲ ਅਕਾਲ ਹੈ ਓਹ,
ਬਨਾਰਸੀ ਦਾਸ ਜੋ ਬੋਲੂ ਨਿਹਾਲ ਹੈ ਉਹ।

ਬਨਾਰਸੀ ਦਾਸ ਅਧਿਆਪਕ
ਰੱਤੇਵਾਲ
ਮੋ: 94635-05286

ਡਿਉਟ ਗੀਤ

ਕੁੜੀ,,,,, ਪੜ੍ਹਿਆ ਲਿਖਿਆ ਸਮਝ ਕੇ ਮਾਪਿਆਂ ਲੜ ਲਾ ਦਿੱਤੀ ਤੇਰੇ
ਅੱਜ ਤੱਕ ਸੁੱਖ ਨਸੀਬ ਨਹੀਂ ਹੋਇਆ ਕਿਸਮਤ ਦੇ ਵਿੱਚ ਮੇਰੇ
ਰਚਨਾਵਾਂ ਗਜਲਾਂ ਗੀਤ ਤੇਰੇ ਸਭ ਬਣ ਗਏ ਮੇਰੇ ਵੈਰੀ
ਵੇ ਕੰਮ ਤੇ ਜਾ ਢੋਲਾ ਘਰ ਰੱਖ ਕੇ ਪੈਨ ਤੇ ਡਾਇਰੀ
ਕੰਮ ਤੇ ਜਾਂ ਢੋਲਾ,,,,,,,,,,,,,,,

ਮੁੰਡਾ,,,, ਮੈਂ ਮਾਂ ਬੋਲੀ ਦੀ ਸੇਵਾ ਕਰਦਾ ਗੀਤਾਂ ਵਿੱਚ ਸਮਝਾਵਾਂ
ਬੇੜਾ ਚੁੱਕਿਆ ਸਿਰ ਮਾਂ ਬੋਲੀ ਨੂੰ ਅੱਗੇ ਲੈ ਕੇ ਜਾਵਾਂ
ਭੁੱਲ ਦੇ ਜਾਂਦੇ ਮਾਂ ਬੋਲੀ ਨੂੰ, ਹੁਣ ਮਿੱਟੀ ਵਾਂਗੂੰ ਖਰਦੀ
ਆ ਪੈਂਤੀ ਪੜ੍ਹ ਅੜੀਏ ਕਿਉਂ ਮੇਰੇ ਨਾਲ ਲੜਦੀ
ਆਹ ਪੈਂਤੀ ਪੜ੍ਹ ਅੜੀਏ,,,,,,,,,,

ਕੁੜੀ,,,,ਵੇ ਘਰ ਆਪਣੇ ਨਹੀਂ ਪੱਕਦੀ ਰੋਟੀ ਸਹਿਤਕਾਰ ਤੂੰ ਵੱਡਾ
ਧੇਲੇ ਦੀ ਨੀ ਅਮਦਨ ਇਥੋਂ ਹੱਥ ਕੀਹਦੇ ਮੂਹਰੇ ਅੱਡਾ
ਮੈਨੂੰ ਤਾਂ ਕੁਝ ਸਮਝ ਨਹੀਂ ਆਉਂਦੀ ਜੋ ਗੱਲ ਆਖੇ ਗਹਿਰੀ
ਵੇ ਕੰਮ ਤੇ ਜਾਂ ਮਾਹੀਆ ਘਰ ਰੱਖ ਕੇ ਪੈਨ ਤੇ ਡਾਇਰੀ
ਵੇ ਕੰਮ ਤੇ ਜਾ ਢੋਲਾ,,,,,,,,,,,

ਲੈ ਗੁਰਮੀਤ ਡੁਮਾਣੇ ਵਾਲੇ ਨੇ ਹਰ ਗੱਲ ਤੇਰੀ ਮੰਨੀ
ਭਾਸ਼ਾ ਵਿਭਾਗ ਵਾਲੇ ਵੀ ਕਤਰਾ ਜਾਂਦੇ ਆ ਕੰਨੀ
ਜਿਨ੍ਹਾਂ ਨੂੰ ਨਹੀਂ ਕੁਝ ਲਿਖਣਾ ਆਉਂਦਾ ਉਹਨਾਂ ਦੀ ਗੁੱਡੀ ਚੜਦੀ
ਆ ਪੈਂਤੀ ਪੜ੍ਹ ਕੁੜੀਏ ਕਿਉਂ ਮੇਰੇ ਨਾਲ ਲੜਦੀ
ਆ ਪੈਂਤੀ ਪੜ੍ਹ ਕੁੜੀਏ,,,,,,,,,,

ਗੁਰਮੀਤ ਡੁਮਾਣਾ, ਲੋਹੀਆਂ ਖਾਸ
ਜਲੰਧਰ, ਫੋਨ -76528 16074

ਵਰ੍ਹੇਗੰਢ ਮੁਬਾਰਕ

ਮਜੀਦ ਖ਼ਾਨ ਅਤੇ ਸ਼ਹਿਨਾਜ ਵਾਸੀ ਮੋਰਿੰਡਾ ਨੂੰ ਵਿਆਹ ਦੀ 9ਵੀਂ ਵਰ੍ਹੇਗੰਢ ਮੁਬਾਰਕ ਹੋਵੇ।

97 ਕਿਲੋ ਭਾਰ ਵਰਗ ਵਿੱਚ ਅਰਸ਼ਦੀਪ ਬਾਂਠ ਜੰਡੀ ਨੇ ਜਿੱਤਿਆ ਗੋਲਡ ਮੈਡਲ

ਬਲਾਚੌਰ ਇਲਾਕੇ ਦਾ ਨਾਮ ਕੀਤਾ ਰੌਸ਼ਨ

ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ)- ਬਲਾਚੌਰ ਦਾ ਮਾਣ ਤੇ ਜੰਡੀ ਦਾ ਜੰਮਪਲ ਅਰਸ਼ਦੀਪ ਬਾਂਠ ਪੁੱਤਰ ਸਬ ਇੰਸਪੈਕਟਰ ਬਲਵੀਰ ਬਾਂਠ ਨੇ ਵਿਸ਼ਾਖਾਪਟਨਮ ਆਧਰਾ ਪ੍ਰਦੇਸ਼ ਵਿੱਚ ਤਿੰਨ ਜਨਵਰੀ 5 ਤੱਕ ਸੀਨੀਅਰ ਨੈਸ਼ਨਲ ਕੁਸ਼ਤੀ 97 ਕਿਲੋ ਭਾਰ ਵਰਗ ਵਿਚ ਗੋਲਡ ਮੈਡਲ ਜਿੱਤ ਕੇ ਬਲਾਚੌਰ ਇਲਾਕੇ ਦਾ ਨਾਮ ਰੌਸ਼ਨ ਕੀਤਾ । ਅਰਸ਼ਦੀਪ ਬਾਂਠ ਸਮੇਂ ਸਮੇਂ ਤੇ ਕਰਵਾਏ ਜਾ ਰਹੇ ਕੁਸ਼ਤੀ ਮੁਕਾਬਲਿਆਂ ਵਿੱਚ ਅਕਸਰ ਭਾਗ ਲੈਂਦਾ ਤੇ ਤਗਮੇ ਜਿੱਤ ਕੇ ਦੇਸ਼ ਵਿਦੇਸ਼ ਵਿੱਚ ਬਲਾਚੌਰ ਇਲਾਕੇ ਦੇ ਨਾਲ ਨਾਲ ਆਪਣੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ । ਉਨ੍ਹਾਂ ਦੀ ਗੋਲਡ ਮੈਡਲ ਜਿੱਤਣ ਤੇ ਪਰਿਵਾਰ ਮੈਬਰਾਂ ਨੂੰ ਵਧਾਈਆ ਦੇਣ ਵਾਲਿਆ ਦਾ ਤਾਤਾਂ ਲੱਗ ਗਿਆ । ਉਨ੍ਹਾਂ ਨੇ ਅਰਸ਼ਦੀਪ ਬਾਂਠ ਦੇ ਅੱਗੇ ਤੋਂ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਤਾਂ ਕਿ ਮਾਂ ਖੇਡ ਕੁਸ਼ਤੀ ਵਿੱਚ ਹੋਰ ਮੱਲਾਂ ਮਾਰਨ ਲਈ ਹੱਲਾ ਸ਼ੇਰੀ ਦਿੱਤੀ ।

ਸੀ.ਟੀ. ਯੂਨੀਵਰਸਿਟੀ ਨੇ ਨਵੇਂ ਸਾਲ ਦੀ ਸ਼ੁਰੂਆਤ ਟਿਕਾਊ ਪਹਲ ਨਾਲ ਕੀਤੀ

ਉੱਤਰ ਪੁਸਤਿਕਾਵਾਂ ਤੋਂ ਬਣੇ ਇਕੋ-ਫ੍ਰੈਂਡਲੀ ਨੋਟ ਨਾਲ ਕੀਤੀ, ਯੂਨੀਵਰਸਿਟੀ ਪ੍ਰਬੰਧਨ ਵੱਲੋਂ "ਗ੍ਰੀਨ ਨਿਊ ਇਅਰ" ਪਹਿਲ ਦੀ ਸਰਾਹਨਾ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਨਵੇਂ ਸਾਲ ਦੀ ਸ਼ੁਰੂਆਤ ਨੂੰ ਖਾਸ ਅਤੇ ਜ਼ਿੰਮੇਵਾਰ ਬਣਾਉਂਦੇ ਹੋਏ, ਸੀ.ਟੀ. ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਇੱਕ ਸ਼ਲਾਘਾਯੋਗ ਪਹਿਲ ਕੀਤੀ। ਵਿਦਿਆਰਥੀਆਂ ਨੇ ਵਰਤੀਆਂ ਹੋਈਆਂ ਪ੍ਰੀਖਿਆ ਦੀਆਂ ਉੱਤਰ ਪੁਸਤਿਕਾਵਾਂ ਨੂੰ ਰੀਸਾਇਕਲ ਕਰਕੇ ਇਕੋ-ਫ੍ਰੈਂਡਲੀ ਨੋਟਪੈਡ ਤਿਆਰ ਕੀਤੇ। ਕਾਗ਼ਜ਼ ਨੂੰ ਫੈਂਕਣ ਦੀ ਬਜਾਏ, ਵਿਦਿਆਰਥੀਆਂ ਨੇ ਉਸਨੂੰ ਲਾਹੇਵੰਦ ਸਟੇਸ਼ਨਰੀ ਵਿੱਚ ਬਦਲ ਕੇ ਟਿਕਾਊ ਵਿਕਾਸ, ਰਚਨਾਤਮਕਤਾ ਅਤੇ ਪਰਿਆਵਰਨ ਪ੍ਰਤੀ ਜਾਗਰੂਕਤਾ ਦਾ ਮਜ਼ਬੂਤ ਸੰਦੇਸ਼ ਦਿੱਤਾ। ਇਸ ਪਹਿਲ ਨਾਲ ਨਾ ਸਿਰਫ਼ ਕਾਗ਼ਜ਼ ਦੀ ਬਰਬਾਦੀ ਘੱਟ ਹੋਈ, ਬਲਕਿ ਇਹ ਵੀ ਦਰਸਾਇਆ ਕਿ ਰੀਸਾਇਕਲਿੰਗ ਸਿਰਫ਼ ਇੱਕ ਵਾਰੀ ਦੀ ਕਿਰਿਆ ਨਹੀਂ, ਸਗੋਂ ਰੋਜ਼ਾਨਾ ਦੀ ਆਦਤ ਹੋਣੀ ਚਾਹੀਦੀ ਹੈ। ਨਵੇਂ ਸਾਲ ਦੀ ਸ਼ੁਰੂਆਤ 'ਚ ਕੀਤੀ ਗਈ ਇਸ ਗਤੀਵਿਧੀ ਰਾਹੀਂ ਵਿਦਿਆਰਥੀਆਂ ਨੇ ਸਾਬਤ ਕੀਤਾ ਕਿ ਛੋਟੇ-ਛੋਟੇ ਕਦਮ ਵੀ ਪਰਿਆਵਰਨ 'ਤੇ ਵੱਡਾ ਸਕਾਰਾਤਮਕ ਅਸਰ ਪਾ ਸਕਦੇ ਹਨ। ਰੀਸਾਇਕਲਿੰਗ ਨਾਲ ਕੁਦਰਤੀ ਸਰੋਤਾਂ ਦੀ ਬਚਤ ਹੁੰਦੀ ਹੈ, ਕੂੜੇ ਦੇ ਢੇਰ ਘੱਟ ਹੁੰਦੇ ਹਨ, ਊਰਜਾ ਦੀ ਬਚਤ ਹੁੰਦੀ ਹੈ ਅਤੇ ਪ੍ਰਦੂਸ਼ਣ ਵੀ ਘਟਦਾ ਹੈ।

ਇਸ ਸੋਚ-ਵਿਚਾਰ ਨਾਲ ਕੀਤੀ ਪਹਿਲ ਰਾਹੀਂ ਵਿਦਿਆਰਥੀਆਂ ਨੇ ਸਮਾਜ, ਖਾਸ ਕਰਕੇ ਨੌਜਵਾਨਾਂ ਨੂੰ, ਜ਼ਿੰਮੇਵਾਰ ਆਦਤਾਂ ਅਪਣਾਉਣ ਅਤੇ ਪਰਿਆਵਰਨ-ਮਿੱਤਰ ਚੋਣਾਂ ਨੂੰ ਆਪਣੀ ਜੀਵਨਸ਼ੈਲੀ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕੀਤਾ।

ਇਸ ਪਹਿਲ 'ਤੇ ਪ੍ਰਤੀਕਿਰਿਆ ਦਿੰਦਿਆਂ ਸੀ.ਟੀ. ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ: ਮਨਬੀਰ ਸਿੰਘ ਨੇ ਕਿਹਾ:

"ਇਹ ਪਹਿਲ ਉਹਨਾਂ ਮੁੱਲਾਂ ਨੂੰ ਦਰਸਾਉਂਦੀ ਹੈ ਜਿਨ੍ਹਾਂ ਲਈ ਸੀ.ਟੀ. ਯੂਨੀਵਰਸਿਟੀ ਜਾਣੀ ਜਾਂਦੀ ਹੈ—ਨਵੀਨਤਾ, ਜ਼ਿੰਮੇਵਾਰੀ ਅਤੇ ਟਿਕਾਊ ਵਿਕਾਸ। ਮੈਨੂੰ ਮਾਣ ਹੈ ਕਿ ਸਾਡੇ ਵਿਦਿਆਰਥੀਆਂ ਨੇ ਨਵੇਂ ਸਾਲ ਦੀ ਸ਼ੁਰੂਆਤ ਇੰਨੇ ਮਕਸਦਪੂਰਕ ਕੰਮ ਨਾਲ ਕੀਤੀ। ਉੱਤਰ ਪੁਸਤਿਕਾਵਾਂ ਨੂੰ ਨੋਟਪੈਡ ਵਿੱਚ ਬਦਲਣਾ ਇਹ ਸੰਦੇਸ਼ ਦਿੰਦਾ ਹੈ ਕਿ ਸਿੱਖਿਆ ਸਿਰਫ਼ ਕਲਾਸਰੂਮ ਜਾਂ ਪ੍ਰੀਖਿਆਵਾਂ ਤੱਕ ਸੀਮਿਤ ਨਹੀਂ, ਸਗੋਂ ਜ਼ਿੰਮੇਵਾਰ ਨਾਗਰਿਕ ਵੀ ਬਣਾਉਂਦੀ ਹੈ।"

ਸੀ.ਟੀ. ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ: ਨਿਤਿਨ ਟੰਡਨ ਨੇ ਵੀ ਵਿਦਿਆਰਥੀਆਂ ਦੀ ਪ੍ਰਸੰਸਾ ਕਰਦਿਆਂ ਕਿਹਾ:

"ਸਾਡੇ ਵਿਦਿਆਰਥੀਆਂ ਨੇ ਦਿਖਾ ਦਿੱਤਾ ਹੈ ਕਿ ਅਰਥਪੂਰਨ ਬਦਲਾਅ ਜਾਗਰੂਕਤਾ ਅਤੇ ਕਰਮ ਤੋਂ ਸ਼ੁਰੂ ਹੁੰਦਾ ਹੈ। ਇਹ ਰੀਸਾਇਕਲਿੰਗ ਪਹਿਲ ਨਾ ਸਿਰਫ਼ ਪਰਿਆਵਰਨ ਸੁਰੱਖਿਆ ਨੂੰ ਉਤਸ਼ਾਹਿਤ ਕਰਦੀ ਹੈ, ਬਲਕਿ ਲੋਕਾਂ ਨੂੰ ਕੂੜਾ ਪ੍ਰਬੰਧਨ ਬਾਰੇ ਰਚਨਾਤਮਕ ਢੰਗ ਨਾਲ ਸੋਚਣ ਲਈ ਵੀ ਪ੍ਰੇਰਿਤ ਕਰਦੀ ਹੈ। ਅਜਿਹੀਆਂ ਗਤੀਵਿਧੀਆਂ ਟਿਕਾਊ ਵਿਕਾਸ ਅਤੇ ਵਿਹਾਰਕ ਸਿੱਖਿਆ ਪ੍ਰਤੀ ਸਾਡੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੀਆਂ ਹਨ। ਨਵੇਂ ਸਾਲ ਦੀ ਇਹ ਰੀਸਾਇਕਲਿੰਗ ਪਹਿਲ ਇਸ ਗੱਲ ਦੀ ਯਾਦ ਦਿਵਾਉਂਦੀ ਹੈ ਕਿ ਹਰ ਵਿਅਕਤੀ ਪਰਿਆਵਰਨ ਸੁਰੱਖਿਆ ਵਿੱਚ ਆਪਣਾ ਯੋਗਦਾਨ ਪਾ ਸਕਦਾ ਹੈ। ਸੀ.ਟੀ. ਯੂਨੀਵਰਸਿਟੀ ਸਮਾਜਿਕ ਜ਼ਿੰਮੇਵਾਰੀ, ਨਵੀਨਤਾ ਅਤੇ ਸਮੁਦਾਇਕ ਜਾਗਰੂਕਤਾ ਨਾਲ ਜੁੜੀਆਂ ਵਿਦਿਆਰਥੀ-ਨੇਤ੍ਰਿਤ ਪਹਿਲਾਂ ਨੂੰ ਲਗਾਤਾਰ ਪ੍ਰੋਤਸਾਹਿਤ ਕਰਦੀ ਰਹੇਗੀ, ਤਾਂ ਜੋ ਇੱਕ ਹਰਿਆਵਲਾ ਅਤੇ ਟਿਕਾਊ ਭਵਿੱਖ ਤਿਆਰ ਕੀਤਾ ਜਾ ਸਕੇ।

ਘੋੜਿਆਂ ਤੇ ਬਿਠਾ ਕੇ ਲਿਆਂਦੀ ਸਰਕਾਰ ਨੂੰ ਖੋਤਿਆਂ ਤੇ ਚੜ੍ਹਾਕੇ ਵਾਪਸ ਭੇਜਣਗੇ ਪੰਜਾਬੀ:ਗੋਲਡੀ ਪੁਰਖਾਲੀ

ਰੋਪੜ (ਚਰਨਜੀਤ ਸੱਲ੍ਹਾਂ) ਬਹੁਜਨ ਸਮਾਜ ਪਾਰਟੀ ਰੋਪੜ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੋਲਡੀ ਪੁਰਖਾਲੀ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਬਿਜਲੀ ਬੋਰਡ ਵਿੱਚ ਕੰਮ ਕਰਦੇ ਆਉਟ ਸੋਰਸ ਕਾਮੇ ਕਹਿਰ ਦੀ ਠੰਡ ਵਿੱਚ ਤਨਖਾਹਾਂ ਨਾ ਮਿਲਣ ਕਾਰਨ ਕੱਪੜੇ ਉਤਾਰ ਕੇ ਭੀਖ ਮੰਗਣ ਲਈ ਮਜ਼ਬੂਰ ਹਨ ।ਸਰਕਾਰ ਤੁਰੰਤ ਇਨ੍ਹਾਂ ਗਰੀਬ ਮਜ਼ਦੂਰਾਂ ਦੀ ਤਨਖਾਹ ਰਲੀਜ ਕਰੇ ਤਾਂ ਜੋ ਉਹ ਆਪਣੀ ਰੋਜੀ ਰੋਟੀ ਖਾ ਸਕਣ। ਉਨ੍ਹਾਂ ਸਰਕਾਰ ਨੂੰ ਚਿਤਾਇਆ ਕਿ ਜੇਕਰ ਸਰਕਾਰ ਦੇ ਚਾਰ ਸਾਲ ਬੀਤਣ ਉਪਰੰਤ ਵੀ ਉਹ ਗਰੀਬ ਵਰਕਰਾਂ ਦੀਆਂ ਤਨਖਾਹਾਂ ਦੇਣ ਤੋਂ ਲਾਚਾਰ ਹੈ ਤਾਂ ਸਰਕਾਰ ਯਾਦ ਰੱਖੇ ਕਿ ਪੰਜਾਬੀ ਘੋੜਿਆਂ ਤੇ ਬਿਠਾ ਕੇ ਲਿਆਂਦੀ ਸਰਕਾਰ ਨੂੰ ਖੋਤਿਆਂ ਤੇ ਬਿਠਾ ਕੇ ਵਾਪਸ ਭੇਜਣਗੇ ।

ਸਿੱਖਿਆ ਮੰਤਰੀ ਸ੍ਰ: ਹਰਜੋਤ ਸਿੰਘ ਬੈਂਸ ਵੱਲੋਂ ਕਰਮਜੀਤ ਸਿੰਘ ਗਰੇਵਾਲ ਦੀ ਪੁਸਤਕ ਰਿਲੀਜ਼

ਨਿਵੇਕਲੀ ਗਾਇਕੀ ਵਾਲ਼ੇ ਲੇਖਕ ਦੀਆਂ 13 ਪੁਸਤਕਾਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਬੱਚਿਆਂ ਲਈ ਉਸਾਰੂ ਗੀਤ ਲਿਖਣ ਤੇ ਗਾਉਣ ਲਈ ਜਾਣੇ ਜਾਂਦੇ ਮਾਸਟਰ ਕਰਮਜੀਤ ਸਿੰਘ ਗਰੇਵਾਲ (ਨੈਸ਼ਨਲ ਅਵਾਰਡੀ) ਦੀ ਬਾਲ ਗੀਤ ਪੁਸਤਕ "ਬੱਚੇ ਨਾਂ ਚਮਕਾਵਣਗੇ" ਸਿੱਖਿਆ ਮੰਤਰੀ ਪੰਜਾਬ ਸ੍ਰ: ਹਰਜੋਤ ਸਿੰਘ ਬੈਂਸ ਨੇ ਆਪਣੇ ਕਰ-ਕਮਲਾਂ ਨਾਲ਼ ਰਿਲੀਜ਼ ਕੀਤੀ। ਬੱਚਿਆਂ ਲਈ ਚੰਗੇ ਸਾਹਿਤ ਦੀ ਉਸਾਰੀ ਲਈ ਉਹਨਾਂ ਗਰੇਵਾਲ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਸ੍ਰ: ਗੁਰਿੰਦਰ ਸਿੰਘ ਸੋਢੀ ਡੀ.ਪੀ.ਆਈ. ਸੈਕੰਡਰੀ ਸਿੱਖਿਆ, ਸ਼੍ਰੀ ਸੁਨੀਲ ਕੁਮਾਰ ਭਾਰਦਵਾਜ ਡਾਇਰੈਕਟਰ ਫਿਜੀਕਲ ਐਜੂਕੇਸ਼ਨ, ਸ਼੍ਰੀਮਤੀ ਡਿੰਪਲ ਮਦਾਨ ਜੀ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਲੁਧਿਆਣਾ, ਸ੍ਰ: ਅਮਨਦੀਪ ਸਿੰਘ ਡਿਪਟੀ ਡੀ.ਈ.ਓ. ਲੁਧਿਆਣਾ, ਸ੍ਰ: ਅਜੀਤਪਾਲ ਸਿੰਘ ਸਟੇਟ ਸਪੋਰਟਸ ਕਮੇਟੀ ਮੈਂਬਰ (ਸਟੇਟ ਅਵਾਰਡੀ) ਸ੍ਰ: ਕੁਲਬੀਰ ਸਿੰਘ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ, ਡਾਕਟਰ ਨਿਰਮਲ ਜੌੜਾ, ਸ੍ਰ: ਜਸਵਿੰਦਰ ਸਿੰਘ ਵਿਰਕ ਸਾਬਕਾ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਤੇ ਹੋਰ ਸਖ਼ਸ਼ੀਅਤਾਂ ਵੀ ਹਾਜ਼ਰ ਸਨ। ਸਰਕਾਰੀ ਹਾਈ ਸਕੂਲ ਖੇੜੀ-ਝਮੇੜੀ ਲੁਧਿਆਣਾ ਵਿਖੇ ਪੰਜਾਬੀ ਮਾਸਟਰ ਵਜੋਂ ਸੇਵਾਵਾਂ ਨਿਭਾ ਰਹੇ ਮਾਸਟਰ ਕਰਮਜੀਤ ਸਿੰਘ ਗਰੇਵਾਲ (ਲਲਤੋਂ ਕਲਾਂ) ਦੀਆਂ 13 ਬਾਲ ਸਾਹਿਤ ਪੁਸਤਕਾਂ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਲਾਇਬ੍ਰੇਰੀਆਂ ਲਈ ਪ੍ਰਵਾਨ ਹਨ। ਬੱਚਿਆਂ ਲਈ ਨਿਵੇਕਲ਼ੀ ਗਾਇਕੀ ਲਈ ਜਾਣੇ ਜਾਂਦੇ ਹਨ। ਇਨ੍ਹਾਂ ਦੇ ਲਿਖੇ ਇੱਕ ਗੀਤ 'ਲੋਰੀ' ਨੂੰ ਭਾਰਤ ਸਰਕਾਰ ਵੱਲੋਂ ਇੱਕ ਲੱਖ ਰੁਪਏ ਦਾ ਇਨਾਮ ਅਤੇ ਕਈ ਗੀਤਾਂ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੇ ਇਨਾਮ ਮਿਲ਼ੇ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਸੀ.ਬੀ.ਐੱਸ.ਈ.ਦੀਆਂ ਪਾਠ ਪੁਸਤਕਾਂ ਵਿੱਚ ਇਨ੍ਹਾਂ ਦੀਆਂ ਰਚਨਾਵਾਂ ਸ਼ਾਮਲ ਹਨ।

ਕਰਨ ਹੋਸਪਿਟਲ ਬੰਗਾ ਵਿੱਚ ਕੈਸ਼ਲੈਸ ਮੁਫ਼ਤ ਇਲਾਜ ਦੀਆਂ ਸਰਕਾਰੀ ਸਕੀਮਾਂ ਦਾ ਲਾਭ - ਡਾ. ਬਖਸ਼ੀਸ਼ ਸਿੰਘ

ਬੰਗਾ (ਚਰਨਜੀਤ ਸੱਲ੍ਹਾਂ) ਕਰਨ ਹਸਪਤਾਲ਼ ਬੰਗਾ ਦੇ ਮਾਲਕ ਡਾਕਟਰ ਬਖਸ਼ੀਸ਼ ਸਿੰਘ ਵੱਲੋਂ ਅੱਜ ਪੱਤਰਕਾਰਾਂ ਨਾਲ ਇੱਕ ਵਿਸ਼ੇਸ਼ ਮਿਲਣੀ ਕੀਤੀ ਗਈ। ਇਸ ਦੌਰਾਨ ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਰਨ ਹਸਪਤਾਲ ਹਿਓਂ ਰੋਡ ਬੰਗਾ ਵਿੱਚ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਮੁਫ਼ਤ ਇਲਾਜ ਦੀਆਂ ਸਕੀਮਾਂ ਦਾ ਪੂਰਾ ਲਾਭ ਦਿੱਤਾ ਜਾਂਦਾ ਹੈ। ਇਨ੍ਹਾਂ ਸਕੀਮਾਂ ਤਹਿਤ ਮਰੀਜ਼ਾਂ ਨੂੰ ਕਿਸੇ ਵੀ ਤਰ੍ਹਾਂ ਦਾ ਪੈਸਾ ਨਹੀਂ ਦੇਣਾ ਪੈਂਦਾ ਅਤੇ ਇਲਾਜ ਪੂਰੀ ਤਰ੍ਹਾਂ ਕੈਸ਼ਲੈਸ ਕੀਤਾ ਜਾਂਦਾ ਹੈ,ਜਿਵੇਂ ਕਿ ਆਯੁਸ਼ਮਾਨ ਭਾਰਤ ਯੋਜਨਾ। ਡਾਕਟਰ ਬਖਸ਼ੀਸ਼ ਸਿੰਘ ਨੇ ਦੱਸਿਆ ਕਿ ਜਲਦ ਹੀ ਪੰਜਾਬ ਸਰਕਾਰ ਵੱਲੋਂ ਇੱਕ ਨਵੀਂ ਯੋਜਨਾ ਲਾਗੂ ਕੀਤੀ ਜਾ

ਰਹੀ ਹੈ, ਜਿਸ ਅਧੀਨ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਯੋਜਨਾ ਦੇ ਕਾਰਡ ਬਣਾਉਣ ਲਈ ਲਾਭਪਾਤਰੀਆਂ ਨੂੰ ਸਹੂਲਤ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ 10 ਲੱਖ ਮੁਫਤ ਇਲਾਜ ਦਾ ਕਾਰਡ ਬਣਾਉਣ ਲਈ ਆਧਾਰ ਕਾਰਡ ਅਤੇ ਵੋਟਰ ਕਾਰਡ ਹੋਣਾ ਜਰੂਰੀ ਹੈ ਲਾਭਪਾਤਰੀ ਪੰਜਾਬ ਦਾ ਵੋਟਰ ਹੋਣਾ ਚਾਹੀਦਾ ਹੈ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਕਰਨ ਹੋਸਪਿਟਲ ਆ ਕੇ ਇਨ੍ਹਾਂ ਸਰਕਾਰੀ ਯੋਜਨਾਵਾਂ ਦਾ ਲਾਭ ਲਿਆ ਜਾਵੇ। ਡਾਕਟਰ ਬਖਸ਼ੀਸ਼ ਸਿੰਘ ਨੇ ਇਹ ਵੀ ਕਿਹਾ ਕਿ ਸਰਕਾਰੀ ਯੋਜਨਾਵਾਂ ਤੋਂ ਇਲਾਵਾ ਉਹ ਗਰੀਬ ਅਤੇ ਲੋੜਵੰਦ ਮਰੀਜ਼ਾਂ ਦੀ ਮਦਦ ਲਈ ਆਪਣੇ ਵੱਲੋਂ ਵੀ ਵੱਧ ਤੋਂ ਵੱਧ ਰਿਆਤੀ ਦਰਾਂ 'ਤੇ ਇਲਾਜ ਅਤੇ ਆਪਰੇਸ਼ਨ ਕਰਦੇ ਹਨ। ਇਸ ਮੌਕੇ ਹਰਮਨਦੀਪ ਕੌਰ, ਲਖਵਿੰਦਰ ਕੌਰ, ਗੁਰਦੀਪ, ਬਬੀਤਾ, ਪਰਮਜੀਤ ਲਾਲ, ਸੰਜੀਵ ਕੁਮਾਰ, ਪ੍ਰੀਤਪਾਲ ਸਿੰਘ ਆਦਿ ਹਾਜ਼ਰ ਸਨ।

ਸਾਂਝੇ ਮਜ਼ਦੂਰ ਮੋਰਚੇ ਵਲੋਂ ਡੀ ਸੀ ਦਫ਼ਤਰ ਅੱਗੇ ਧਰਨਾ

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਅੱਜ ਸਾਂਝਾ ਮਜ਼ਦੂਰ ਮੋਰਚਾ ਦੇ ਸੱਦੇ ਤੇ ਪੇਂਡੂ ਅਤੇ ਖ਼ੇਤ ਮਜ਼ਦੂਰ ਜਥਬੰਦੀਆਂ ਵਲੋਂ ਮਗਨਰੇਗਾ ਖਤਮ ਕਰਨ , ਬਿਜਲੀ ਸੋਧ ਬਿੱਲ 2025, ਚਾਰ ਲੇਬਰ ਕੋਡ ਲਾਗੂ ਕਰਨ ਦੇ ਵਿਰੋਧ ਵਿਚ ਡੀ ਸੀ ਦਫਤਰ ਨਵਾਂਸ਼ਹਿਰ ਅੱਗੇ ਧਰਨਾ ਦਿੱਤਾ ਗਿਆ। ਇਸ ਧਰਨੇ ਨੂੰ ਸੰਬੋਧਨ ਕਰਦਿਆਂ , ਪੀ ਐਮ ਯੂ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ,ਯੂਨੀਅਨ ਦੇ ਜਿਲਾ ਆਗੂ ਕਮਲਜੀਤ ਸਨਾਵਾ, ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ,ਹਰੀ ਰਾਮ ਰਸੂਲਪੁਰੀ,ਖੇਤ ਮਜ਼ਦੂਰ ਸਭਾ ਦੇ ਆਗੂ ਨਿਰੰਜਣ ਦਾਸ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਕੁਲਦੀਪ ਝਿੰਗੜ, ਫਿਰਨਜੀਤ ਕੌਰ,ਸੁਰਿੰਦਰ ਮੀਰਪੁਰ , ਲਾਡੀ ਕੋਟ ਰਾਂਝਾ ,ਸੁਰਿੰਦਰ ਸਨਾਵਾ ਨੇ ਕਿਹਾ ਕਿ ਮੋਦੀ ਸਰਕਾਰ ਨੇ ਚਾਰ ਲੇਬਰ ਕੋਡ ਲਾਗੂ ਕਰਕੇ ਮਜ਼ਦੂਰ ਵਰਗ ਉੱਤੇ ਬਹੁਤ ਵੱਡਾ ਹਮਲਾ ਬੋਲਿਆ ਹੈ।ਮਜ਼ਦੂਰ ਵਰਗ ਵਲੋਂ ਦਹਾਕਿਆਂ ਤੱਕ ਸੰਘਰਸ਼ ਕਰਕੇ ਪ੍ਰਾਪਤ ਕੀਤੇ ਅਧਿਕਾਰਾਂ ਨੂੰ ਖ਼ਤਮ ਕਰ ਦਿੱਤਾ ਹੈ। ਮੋਦੀ ਸਰਕਾਰ ਮਗਨਰੇਗਾ

ਖਤਮ ਕਰਕੇ ਵਿਕਸਤ ਭਾਰਤ ਜੀ ਰਾਮ ਜੀ ਨਵਾਂ ਕਾਨੂੰਨ ਲਿਆਕੇ ਦੇਸ਼ ਦੇ ਦੋ ਕਰੋੜ ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਚੁੱਲ੍ਹੇ ਠੰਡੇ ਕਰਨ ਦੇ ਰਾਹ ਪੈ ਗਈ ਹੈ। ਉਹਨਾਂ ਕਿਹਾ ਕਿ ਮੋਦੀ ਸਰਕਾਰ ਬਿਜਲੀ ਸੋਧ ਬਿੱਲ 2025 ਰਾਹੀਂ ਬਿਜਲੀ ਨੂੰ ਕਾਰਪੋਰੇਟਰਾਂ ਦੇ ਹੱਥ ਦੇਣ ਦੀ ਤਿਆਰੀ ਕਰੀ ਬੈਠੀ ਹੈ।ਜਿਸ ਨਾਲ ਬਿਜਲੀ ਦੀਆਂ ਸਬਸੀਡੀਆਂ ਖਤਮ ਹੋ ਜਾਣਗੀਆਂ ਅਤੇ ਬਿਜਲੀ ਖਪਤਕਾਰਾਂ ਦੀ ਅੰਨ੍ਹੀ ਲੁੱਟ ਦਾ ਰਾਹ ਪੱਧਰਾ ਹੋ ਜਾਵੇਗਾ ਜਿਸਦਾ ਤਿੱਖਾ ਵਿਰੋਧ ਕਰਨਾ ਚਾਹੀਦਾ ਹੈ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਵਿਰੁੱਧ ਬੋਲਦੇ ਹੋਏ ਆਗੂਆਂ ਨੇ ਕਿਹਾ ਕਿ ਇਹ ਸਰਕਾਰ ਵੀ ਮਜ਼ਦੂਰ ਵਿਰੋਧੀ ਸਾਬਿਤ ਹੋਈ ਜਿਸਨੇ ਕਾਰੋਬਾਰੀ ਅਤੇ ਦੁਕਾਨਾਂ ਤੇ ਕੰਮ ਕਰਨ ਵਾਲੇ ਮਜ਼ਦੂਰਾਂ ਲਈ 12 ਘੰਟੇ ਦਾ ਕੰਮ ਦਿਨ ਕਰ ਦਿੱਤਾ। ਮਜਦੂਰਾਂ ਨੂੰ ਪੰਚਾਇਤੀ ਜਮੀਨਾਂ ਦਾ ਤੀਜਾ ਹਿੱਸਾ ਵਾਹੀ ਲਈ ਦਲਿਤਾਂ ਨੂੰ ਦੇਣ ਦੀ ਮੰਗ ਨੂੰ ਲੈਕੇ ਸੰਘਰਸ਼ ਕਰ ਰਹੀ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੂੰ ਗ੍ਰਿਫ਼ਤਾਰ ਕੀਤਾ। ਇਹ ਉਹੀ ਮਾਨ ਸਰਕਾਰ ਹੈ ਜਿਸਨੇ ਆਪਣੇ ਚੋਣਮੈਨੀਫੈਸਟੋ ਵਿੱਚ ਹਰ ਔਰਤ ਨੂੰ ਮਾਸਿਕ ਇਕ ਹਜ਼ਾਰ ਰੁਪਏ ਦੇਣ ਦਾ ਵਾਅਦਾ ਅੱਜ ਤੱਕ ਪੂਰਾ ਨਹੀਂ ਕੀਤਾ। ਇਹ ਉਹੀ ਮਾਨ ਸਰਕਾਰ ਹੈ ਜੋ ਪੱਤਰਕਾਰਾਂ ਅਤੇ ਆਰ ਟੀ ਆਈ ਕਾਰਕੁੰਨਾ ਵਿਰੁੱਧ ਪੁਲਿਸ ਕੇਸ ਦਰਜ ਕਰਕੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉੱਤੇ ਸੱਟ ਮਾਰ ਰਹੀ ਹੈ। ਬੁਲਾਰਿਆਂ ਨੇ ਮਜ਼ਦੂਰਾਂ ਨੂੰ ਲੰਮੀ ਲੜਾਈ ਲੜਨ ਦੀ ਤਿਆਰੀ ਕਰਨ ਦਾ ਸੱਦਾ ਦਿੱਤਾ।

ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਗਣਤੰਤਰ ਦਿਵਸ - ਡਿਪਟੀ ਕਮਿਸ਼ਨਰ ਆਸ਼ਿਕਾ ਜੈਨ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਅੱਜ ਪੁਲਿਸ ਲਾਈਨ ਸਥਿਤ ਕਾਨਫਰੰਸ ਹਾਲ ਵਿੱਚ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ 26 ਜਨਵਰੀ ਨੂੰ ਹੋਣ ਵਾਲੇ ਗਣਤੰਤਰ ਦਿਵਸ ਸਮਾਰੋਹ ਦੀਆਂ ਤਿਆਰੀਆਂ ਸਬੰਧੀ ਜ਼ਿਲ੍ਹਾ ਪੱਧਰੀ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਪੱਸ਼ਟ ਹਦਾਇਤਾਂ ਦਿੱਤੀਆਂ ਕਿ ਸਾਰੇ ਅਧਿਕਾਰੀ ਆਪਣੀ ਡਿਊਟੀ ਪੂਰੀ ਗੰਭੀਰਤਾ, ਤਾਲਮੇਲ ਅਤੇ ਸਮਰਪਣ ਭਾਵਨਾ ਨਾਲ ਨਿਭਾਉਣ, ਤਾਂ ਜੋ ਇਸ ਰਾਸ਼ਟਰੀ ਤਿਉਹਾਰ ਨੂੰ ਸ਼ਰਧਾ, ਉਤਸ਼ਾਹ ਸਨਮਾਨ ਨਾਲ ਮਨਾਇਆ ਜਾ ਸਕੇ। ਡਿਪਟੀ ਕਮਿਸ਼ਨ ਆਸ਼ਿਕਾ ਜੈਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 26 ਜਨਵਰੀ ਨੂੰ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਪੁਲਿਸ ਲਾਈਨ ਗਰਾਊਂਡ, ਹੁਸ਼ਿਆਰਪੁਰ ਵਿਖੇ ਆਯੋਜਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮੌਕੇ 'ਤੇ ਸੁਤੰਤਰਤਾ ਸੈਨਾਨੀਆਂ ਦੇ ਪਰਿਵਾਰਾਂ, ਵੀਰ ਨਾਰੀਆਂ ਅਤੇ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਸੇਵਾਵਾਂ ਦੇਣ ਵਾਲੀਆਂ ਉੱਘੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹਾ ਪੁਲਿਸ ਨੂੰ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕਰਨ ਦੇ ਨਾਲ-ਨਾਲ ਪਾਰਕਿੰਗ ਦੇ ਢੁਕਵੇਂ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਸਮਾਗਮ ਵਾਲੀ ਥਾਂ 'ਤੇ ਸਾਫ਼-ਸਫ਼ਾਈ, ਪੀਣ ਵਾਲੇ ਪਾਣੀ ਦੀ ਉਪਲਬੱਧਤਾ, ਅਸਥਾਈ ਪਖ਼ਾਨਿਆਂ ਦਾ ਪ੍ਰਬੰਧ ਅਤੇ ਸਿਹਤ ਵਿਭਾਗ ਵੱਲੋਂ ਮੈਡੀਕਲ ਟੀਮ ਦੀ ਤਾਇਨਾਤੀ ਨੂੰ ਯਕੀਨੀ ਬਣਾਉਣ ਲਈ ਵੀ ਕਿਹਾ

ਗਿਆ। ਡਿਪਟੀ ਕਮਿਸ਼ਨਰ ਨੇ ਮਾਰਚ ਪਾਸਟ ਦੀ ਤਿਆਰੀ ਲਈ ਪੁਲਿਸ ਟੁਕੜੀਆਂ ਨੂੰ ਨਿਯਮਿਤ ਅਭਿਆਸ ਕਰਨ ਦੇ ਵੀ ਨਿਰਦੇਸ਼ ਦਿੱਤੇ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਨਿਰਦੇਸ਼ ਦਿੱਤੇ ਕਿ ਗਣਤੰਤਰ ਦਿਵਸ ਸਮਾਗਮ ਦੇ ਦੌਰਾਨ ਸਕੂਲੀ ਬੱਚਿਆਂ ਵੱਲੋਂ ਕੀਤੇ ਜਾਣ ਵਾਲੇ ਸੱਭਿਆਚਾਰਕ ਪ੍ਰੋਗਰਾਮਾਂ ਦੇ ਲਈ ਹੁਣ ਤੋਂ ਹੀ ਸਕੂਲਾਂ ਦੀ ਚੋਣ ਕਰ ਲਈ ਜਾਵੇ, ਤਾਂ ਜੋ ਪ੍ਰੋਗਰਾਮਾਂ ਦੀ ਗੁਣਵੱਤਾ ਅਤੇ ਸਮੇਂ ਦਾ ਪ੍ਰਬੰਧਨ ਬਣਿਆ ਰਹੇ। ਉਨ੍ਹਾਂ ਕਿਹਾ ਕਿ ਵਿਭਾਗਾਂ ਵੱਲੋਂ ਕੱਢੀਆਂ ਜਾਣ ਵਾਲੀਆਂ ਝਾਂਕੀਆਂ, ਬੈਂਡ, ਬੈਰੀਕੇਡਿੰਗ, ਪੰਡਾਲ ਦੀ ਸਜਾਵਟ, ਰਿਹਰਸਲ, ਪੁਰਸਕਾਰਾਂ ਅਤੇ ਸਰਟੀਫਿਕੇਟਾਂ ਦੀ ਵੰਡ ਸਮੇਤ ਸਾਰੇ ਪ੍ਰਬੰਧ ਸਮੇਂ ਸਿਰ ਪੂਰੇ ਕੀਤੇ ਜਾਣ ਤਾਂ ਜੋ ਸਮਾਗਮ ਯਾਦਗਾਰੀ ਹੋ ਸਕੇ। ਇਸ ਮੌਕੇ ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਨੇ ਕਿਹਾ ਕਿ ਗਣਤੰਤਰ ਦਿਵਸ ਸਮਾਗਮ ਦੌਰਾਨ ਸੁਰੱਖਿਆ ਪ੍ਰਬੰਧ ਸਭ ਤੋਂ ਵੱਧ ਤਰਜੀਹ 'ਤੇ ਹੋਣਗੇ। ਇਸ ਲਈ ਲੋੜੀਂਦੀ ਪੁਲਿਸ ਫੋਰਸ ਦੀ ਤਾਇਨਾਤੀ, ਸੁਚਾਰੂ ਆਵਾਜਾਈ ਪ੍ਰਬੰਧਨ, ਡਾਇਵਰਸ਼ਨ ਯੋਜਨਾ ਅਤੇ ਆਮ ਲੋਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ, ਤਾਂ ਜੋ ਕਿਸੇ ਵੀ ਕਿਸਮ ਦੀ ਅਸੁਵਿਧਾ ਨਾ ਹੋਵੇ।

ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
HOMOEOPATHIC HEALTH CLINIC (DERBY) REGD.

MANJEET SINGH KHANBA
Award Winner 1999, 2001 & 2005
(2 Awards) BSYA

ਰੋਜ਼ ਕਿਸੇ ਵੀ ਤਰ੍ਹਾਂ ਦਾ ਹੋਵੇ ਜਾਂ ਹੋਵੇ ਰੋਜ਼ ਦੀ ਸੁਰੁਆਤ, ਸਹੀ ਦਵਾਈ ਅਤੇ ਸਹੀ ਇਲਾਜ ਨਾ ਮਿਲਣ ਤੇ ਬੀਮਾਰੀ ਵੱਧ ਜਾਂਦੀ ਹੈ, ਇੰਝ ਨਾ ਕਰੋ ਆਪਣੀ ਮਾਨਸਿਕ ਜਾਂ ਸ਼ਰੀਰਕ ਪ੍ਰੇਸ਼ਾਨੀ ਬਾਰਤ ਸਾਨੂੰ ਫੋਨ ਕਰੋ, ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੱਕਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), ਜੋੜਾਂ, ਮਾਸਪੇਸ਼ੀਆਂ, ਗੋਡਿਆਂ-ਮੋਢਿਆਂ, ਪਿੱਠ ਅਤੇ ਗੀਹ ਦੇ ਦਰਦ (Sciatica), ਬਦਹਜ਼ਮੀ (Indigestion), ਮੇਹਦਾ ਕਮਜ਼ੋਰ, ਖੱਟੇ ਡਕਾਰ, ਦਿਲ ਵਿੱਚ ਜਲਨ (Heart Burning) ਅਤੇ ਦਰਦ, ਕਬਜ਼ੀ (Constipation), ਬਵਾਸੀਰ (Piles) ਖੂਨੀ ਜਾਂ ਬਾਦੀ, ਮੁਹਾਸੇ (Haemorrhoids), ਅਫਾਰਾ (Flatulence), ਪੀਲੀਆ ਰੋਗ (Jaundice), ਜਿਗਰ ਦਾ ਸੁੱਜ ਜਾਣਾ (Hepatitis), ਹਰਨੀਆਂ (Hernia), ਬਲੱਡ ਪ੍ਰੈਸ਼ਰ (Blood Presure High or Low), ਕਲਸੇਜ, ਅੱਗਾ ਵਿੱਚ ਪਾਣੀ ਭਰਨਾ, ਚੁੱਕ ਪੈਣੀ, ਮੁਟਾਪਾ (Obesity), ਅੱਧੇ ਜਾਂ ਪੂਰੇ ਸਿਰ ਦਾ ਦਰਦ (Migraine), ਵਾਲਾਂ ਦਾ ਟੁਟਣਾ (Hair Falling) ਜਾਂ ਸਮੇਂ ਤੋਂ ਪਹਿਲੇ ਸਫੇਦ ਹੋ ਜਾਣਾ, ਗੰਜ, ਚਿਹਰੇ ਤੇ ਛੋਲਾਪਣ (Alopecia), ਚੇਹਰੇ ਦੇ ਮੁਹਾਸੇ (Acne), ਝਿਲਮੀ, ਛਿਹਰੀ (Pigmentation), ਚੁਗਲੀਆਂ ਅਤੇ ਸ਼ਾਦੀਆ, ਦੰਦਾਂ ਦਾ ਦਰਦ, ਮਸੂੜਿਆਂ ਵਿੱਚੋਂ ਖੂਨ ਅਤੇ ਪੀਸ ਨਿਕਲੇ (Bleeding Gums & Pyorrhoea), ਕੰਨਾਂ ਵਿੱਚੋਂ ਪੀਪ ਦਾ ਆਉਣਾ ਜਾਂ ਪਰਦੇ ਵਿੱਚ ਮੋਰੀ, ਕੰਨਾਂ ਵਿੱਚ ਆਵਾਜਾਂ ਸੁਣਨੀਆਂ (Tinnitis) ਜਾਂ ਬੋਲਾਪਣ, ਖੂਨ ਦੀ ਬੀਮਾਰੀਆਂ, ਮਲਾਜ਼ੇ ਦੀ ਸੋਜ, ਪਿਸ਼ਾਬ ਦੀ ਰੁਕਾਵਟ ਅਤੇ ਜਲਨ, ਪਿਸ਼ਾਬ ਵਿੱਚ ਖੂਨ ਆਉਣਾ, ਰੁਕਵੇ ਵਿੱਚ ਪੱਥਰੀ, ਚੱਕਰ (Vertigo), ਖਰਾਬ-ਨੀਂਦ, ਖਬਤਰੀਕਤਾ (Anaemia), ਛਾਤ ਘੱਟਣਾ, ਨਾੜਾਂ ਵਿੱਚ ਦਰਦ (Neuralgia), ਮਾਨਸਿਕ ਨਿਢਾਲਤਾ ਅਤੇ ਖੋਹਿਲੀ (Depression).

{ ਖੁਜਲੀ Eczema ਜਾਂ ਸੋਰਾਈਸਿਜ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

EYE DROPS: ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜ਼ਮਾਓ) £13

TONICS - 1) ਸ਼ਰੀਰਕ ਸ਼ਕਤੀ ANAEMIA, ਖੂਨ ਦੇ ਘੱਟ ਜੰਗਣ, ਸ਼ਰਮੀਕਲ ਅਪ੍ਰੇਸ਼ਨ ਜੇ ਪ੍ਰੈਗਨੈਂਸੀ ਤੋਂ ਬਾਅਦ ਆਈ ਕਮਜ਼ੋਰੀ ਨੂੰ ਦੂਰ ਕਰਦਾ ਹੈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਨਾਅ, ਥਕਾਣ, ਉਦਾਸੀਪਣ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ਮਰਦਾਨਾ ਤਾਕਤ ਦਾ ਫੈਲਾਵੀ ਨੁਸਖਾ- -------- 1 ਮਹੀਨੇ ਦੀ ਕੀਮਤ £35
2) ਸੁਖਾਵਟ ਦਾ ਸੁਨਿਹਰੀ ਨੁਸਖਾ- -------- 1 ਮਹੀਨੇ ਦੀ ਕੀਮਤ £35
3) ਧਾਤ ਲਈ (ਵੀਰਜ ਨੂੰ ਗਾੜਾ ਕਰਕੇ HEALTHY SPERMS) ਪੈਦਾ ਕਰਦਾ ਹੈ-1 ਮਹੀਨੇ ਦੀ ਕੀਮਤ £40
4) ਲੰਮੇ ਸਮੇਂ ਤੋਂ ਹੱਥ ਰਾਸੀ ਕਾਰਨ ਪੈਦਾ ਹੋਈ ਨਾਮਰਦੀ- -------- 1 ਮਹੀਨੇ ਦੀ ਕੀਮਤ £35
5) ਗਲਤਫਹਮੀਆਂ ਕਾਰਨ ਜਿੰਝ ਕਮਜ਼ੋਰ, ਨੱਸ, ਟੇਡਾ ਅਤੇ ਛੋਟਾ- ------- 1 ਮਹੀਨੇ ਦੀ ਕੀਮਤ £35
6) ਨਰਿਆਂ ਕਾਰਨ ਸਰੀਰਕ ਕੰਜ਼ਰੋਰ ਦੀ ਕਮਜ਼ੋਰੀ ਅਤੇ ਨਾਮਰਦੀ -------- 1 ਮਹੀਨੇ ਦੀ ਕੀਮਤ £30
7) ਸ਼ੁਗਰਲੇਵ ਦੀ ਬਿਮਾਰੀ ਦਾ ਨੁਸਖਾ- -------- 1 ਮਹੀਨੇ ਦੀ ਕੀਮਤ £25
8) ਸਰੀਰਕ ਅਤੇ ਜਿੰਝ ਦੀਆਂ ਨਸਾਂ ਦੀ ਕਮਜ਼ੋਰੀ ਲਈ ਰੋਜ਼- -------- 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

ਐਜ਼ੂਸਪਰਮੀਆਂ (AZOOSPERMIA), ਸਫੇਦ ਵੀਰਜ ਵਿਚਲੇ ਸਪਰਮ ਕਮਜ਼ੋਰ, ਸ਼ਕਤੀਹੀਨ ਹੋਣ ਜਾਂ ਸਪਰਮ ਬਿਲਕੁਲ ਹੀ ਨਾ ਹੋਣ, ਅੰਡਕੋਸ਼ ਵਿਚ ਪਾਣੀ ਭਰਨਾ (HYDROCELE), ਸੁਜਾਕ (GONORRHOEA), ਸੁਪਾਰੀ ਦੀ ਸੋਜ, ਵਾਰ-ਵਾਰ ਪੇਸ਼ਾਬ ਆਉਣ ਅਤੇ ਕਰਦੇ ਸਮੇਂ ਜਲਨ, ਪ੍ਰਸਟੇਟ ਗ੍ਰੰਥੀ (PROSTATE GLAND) ਦੀ ਸੋਜ ਕਾਰਨ ਵਡੇਰੀ ਉਮਰ ਵਾਲੇ ਬੰਦੇ ਨੂੰ ਪਿਸ਼ਾਬ ਦੇ ਰੋਗ, ਬਹੁਤ ਮੋਟੇ ਬੰਦੇ ਦੀ ਨਾਮਰਦੀ, ਆਤਸ਼ਕ (SYPHILIS) ਕਾਰਨ ਜਿੰਝ ਉਤੇ ਸਖਤ ਚਮੜ, SPERMATIC ਗੰਦੀ ਦੀਆਂ ਜੜਾਂ ਦਾ ਫੁਲਣਾ (VARICOCELE), ਅੰਡਕੋਸ਼ਾਂ ਦਾ ਕਠਨਾਹ ਵਗੈਰਾ ਵਗੈਰਾ ਬੀਮਾਰੀਆਂ ਦਾ ਇਲਾਜ ਵੀ ਅਸੀਂ ਹਾਸਲੀਅਤ ਕਰਦੇ ਹਾਂ, ਹੋਰ ਜਾਣਕਾਰੀ ਲਈ ਫੋਨ ਕਰੋ ਜੀ।

ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

ਮਾਹਵਾਰੀ ਦਾ ਦਰਦ ਜਾਂ ਰੋਜ਼ ਨਾਲ ਆਉਣਾ ਜਾਂ ਬਹੁ ਮਾਤਰਾ ਵਿਚ ਮਾਹਵਾਰੀ, ਜਾਂ ਦਰਦ ਨਾਲ ਆਉਣਾ (Dysmenorrhoea), ਲਿਕੋਰੀਆ ਪਕਦਰ (ਚਰਿਤ ਪਾਣੀ), ਛਾਤੀਆਂ ਦਾ ਸੁੱਕਣਾ ਜਾਂ ਛੋਟੇ ਹੋਣਾ (Atrophy of Mammae) ਜਾਂ ਛਾਤੀਆਂ ਬਹੁਤ ਛਾਤੀਆਂ ਅਤੇ ਮੋਟੀਆਂ, ਛਾਤੀਆਂ ਵਿੱਚ ਸੋਜ (Mastitis), ਛਾਤੀਆਂ ਦਾ ਕੈਂਸਰ, ਛਾਤੀਆਂ ਦੀਆਂ ਡੰਡੀਆਂ ਸੁੰਨ ਜਾ ਡੰਡੀਆਂ ਤੇ ਚੀਰ, ਛਾਤੀਆਂ ਵਿੱਚ ਗੱਠੜੀ, ਦੁਧ ਬੰਦ, ਬੱਚੇਦਾਨੀ (Uterus) ਵਿਚੋਂ ਵਾਧੂ ਦਾ ਸਰਨਾ (Physometra) ਜਾਂ ਬੱਚੇਦਾਨੀ ਖੁਲ੍ਹ ਜਾਣ ਦਾ ਅਹਸਾਸ, ਬੱਚੇਦਾਨੀ ਦਾ ਆਪਣੀ ਥਾਂ ਤੋਂ ਹੱਟਣਾ ਜਾਂ ਬਾਹਰ ਆਉਣਾ, ਬੱਚੇਦਾਨੀ ਵਿੱਚ ਗਲੰਥੀ (Fibroid Uterine), ਅੰਡਾਦਾਨੀ ਦੇ ਰੋਗ (Diseases of Ovaries), ਅੰਡਾਦਾਨੀ ਵਿੱਚ ਗਲਥੇ (Ovarian Cysts), ਯੋਨੀ ਦੀ ਇਕਦਮਵਰ ਸੁੰਕੜੁਤਾ (Vaginimus), ਯੋਨੀ ਦੀ ਸੋਜ (Vaginitis), ਔਰਤਾਂ ਵਿੱਚ ਕਾਮਵਾਸ਼ਨਾ ਦਾ ਘੱਟ ਹੋਣਾ ਜਾਂ ਨਾ ਹੋਣਾ (Frigidity), ਸੰਭੋਗ ਵੇਲੇ ਜਾਂ ਮਗਰੋਂ ਜਲਨ ਦਾ ਹੋਣਾ, ਜਣਨ ਅੰਗਾਂ ਦੀ ਖੁਜਲੀ (Pruritis), ਜਣਨ ਅੰਗਾਂ ਵਿੱਚ ਫਟਣੇ ਅਤੇ ਫਟਕਰ, ਜਿੰਝ ਭੋਗ ਸਮੇਂ ਸੁਖਾਵ ਨਾ ਆਵੇ, ਬਾਂਝਪਣ (Sterility), ਗਰਭਪਾਤ ਦਾ ਵਾਰ ਵਾਰ ਹੋਣਾ (Miscarriage) ਗਰਭ ਸਮੇਂ ਦੇ ਰੋਗ ਜਾਂ ਜਣੇਪੇ ਮਗਰੋਂ ਦੇ ਰੋਗ (Diseases of Post Partum) ਅਤੇ ਮਾਹਵਾਰੀ ਬੰਦ ਵੇਲੇ ਦੇ ਰੋਗ (Menopause Disorders) - ਹੋਰ ਜਾਣਕਾਰੀ ਲਈ ਫੋਨ ਕਰੋ।

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRECTITIONER IS AVAILABLE, MRS. JASWINDER KAUR KHANBA BSYA. (HOM.), (A.P) AND (NUTRI.)

ਔਰਤਾਂ ਲਈ ਖੁਸ਼ਬਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਮੁਫ਼ਤਾਵਰ ਪੰਫਲਟ ਵਿਚ ਪੂਰੀ INFORMATION, ਲਾਭ ------ (1 ਮਹੀਨੇ ਦੀ ਕੀਮਤ)

ਨੁਸਖਾ ਨੰਬਰ 1 (IN TABLETS) : ਇਹ ਦਵਾਈ ਔਰਤਾਂ ਦੇ ਚਿਹਰੇ ਦੇ ਚਿੱਟੇ ਦਾਗ PIGMENTATION WHITE SPOTS) ਦਾ ਖੁਸ਼ਬਤੀ ਸਫਾਇਆ ਕਰਦੀ ਹੈ – ਇਕ ਮਹੀਨੇ ਦੀ ਕੀਮਤ -- **£69**

ਨੁਸਖਾ ਨੰਬਰ 2 (IN CAPSULES OR IN PEARLS) : ਬੱਚਿਆਂ ਦੀ ਪੈਦਾਇਸ਼ ਅਤੇ ਦੁੱਧ ਚੁਆਉਣ ਕਾਰਣ ਔਰਤਾਂ ਦੀਆਂ ਖਿੱਚੀਆਂ ਹੋਈਆਂ ਛਾਤੀਆਂ ਨੂੰ ਸ਼ੇਪ ਕਰਕੇ ਸਹੀ PROPER SHAPE ਦਿੰਦੀ ਹੈ – **£89**

ਨੁਸਖਾ ਨੰਬਰ 3 (IN CAPSULES) : ਇਹ ਦਵਾਈ ਹਰ ਉਮਰ ਵਿਚ ਭਾਰ ਘਟਾਉਂਦੀ ਹੈ (POWERFUL FAT BURNER) ਸਰੀਰ ਵਿਚ ਚੁਸਤੀ ਅਤੇ ਫੁਰਤੀ ਪਾਉਂਦੀ ਹੈ । ---------- **£69**

ਨੁਸਖਾ ਨੰਬਰ 4 (IN CAPSULES) : ਇਹ ਦਵਾਈ ਔਰਤਾਂ ਦੇ ਵਧੇ ਹੋਏ ਲਟਕਦੇ ਢਿੱਡ (FLABBY & OUT OF SHAPE BELLY) ਨੂੰ ਘਟਾ ਕੇ FLAT ਅਤੇ TONED ਕਰਕੇ ਛਾਤੀਆਂ ਦੇ ਉਭਾਰ ਨੂੰ ਉਮਦਾਰ ਕਰਦੀ ਹੈ – **£69**

ਨੁਸਖਾ ਨੰਬਰ 5 (IN CAPSULES) ਔਰਤਾਂ ਵਿਚ ਘਟੀ ਹੋਈ ਕਾਮ-ਵਾਸ਼ਨਾ (FEMALE SEX-DRIVE) ਨੂੰ ਵਧਾ ਕੇ ਇਹ ਦਵਾਈ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਪੈਦਾ ਕਰਦੀ ਹੈ । A REAL MAGIC ਹਰ ਔਰਤ ਲਈ- **£69**

ਨੁਸਖਾ ਨੰਬਰ 6 (GEL IN APPLICATORS): ਯੋਨੀ ਵਿਚੋਂ ਖੁਸ਼ਕੀ ਅਤੇ ਸਕਣ ਕਾਰਣ SEXUAL DISCOMFORT ਨੂੰ ਦੂਰ ਕਰਕੇ ਕਾਮ-ਵਾਸ਼ਨਾ 'ਚ ਵਾਧਾ ਕਰਕੇ ਖੁਸ਼ਗਵਾਰੀ ਅਤੇ ਨਰਮਾਈ ਪੈਦਾ ਕਰਦੀ ਹੈ VAGINAL LUBRICATION GEL / (MAGIC) ---**£49**

ਨੁਸਖਾ ਨੰਬਰ 7 (IN CAPSULES) : ਮਾਹਵਾਰੀ ਬੰਦ (MENOPAUSE) ਹੋਣ ਕਾਰਣ ਸਰੀਰ ਵਿਚ CALCIUM ਦੀ ਘਾਟ ਕਾਰਣ ਪਾਣੀਹੀਨ ਹੱਡੀਆਂ ਦੀਨੀ ਬਰਕਰਾਰੀ (OSTEOPOROSIS) ਤੋਂ ਬਚਾਅ ------ **£59**

ਨੁਸਖਾ ਨੰਬਰ 8 (IN CAPSULES): ਇਹ ਦਵਾਈ ਚਾਕਣ ਵਾਲਾ ਮੋਲਾ ਦੀਆਂ ਦਵਾਈਆਂ ਨੂੰ ਸ਼ਰਨ ਕਰਦੀ ਹੈ -**£59**

ਨੁਸਖਾ ਨੰਬਰ 9 (IN CAPSULES) ਬਹੁ ਗਰੀ ਉਮਰ ਵਿਚ ਘਟ ਗਰੀ ਹਾਰਮੋਨਸ ਲਈ ਇਹ ਇਕ ਅਜੂਬਾ ਹੈ- **£59**

ਨੁਸਖਾ ਨੰਬਰ 10 (IN CAPSULES) : ਇਹ ਦਵਾਈ ਮਾਨਸਿਕ ਅਤੇ ਸਰੀਰਕ ਥਿਤਾਵਾ ਨੂੰ ਦੂਰ ਕਰਕੇ ਚੰਗਵਾਤੀ ਅਤੇ ਸ਼ਾਤਮਈ ਨੀਂਦ ਲਿਆਉਂਦੀ ਹੈ GUARANTEED GOOD QUALITY SLEEP ------- **£59**

ਨੁਸਖਾ ਨੰਬਰ 11 (IN TABLETS): ਇਹ ਦਵਾਈ ਗਰਮਾਤੀਆਰਾ, ਮੁਖ ਦੀ ਗਲਮੀ (ANAEMIA) ਵਿਚ ਬਹੁਤ ਲਗਦੀ ਔਰਤੀਆਂ ਦੀਆਂ ਪੁਰਾਣੀ ਗਰਮਾਂ ਦੀਆਂ ਤਕਲੀਫਾਂ ਨੂੰ ਦੂਰ ਕਰਦੀ ਹੈ ---------- **£49**

ਮਰਦਾਂ ਲਈ ਖੁਸ਼ਬਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ਖੋਹਣਾ ਖਾਸ ਮੌਕਿਆਂ (SPECIAL OCCASIONS) ਤੇ ਮਜ਼ਾ ਨੂੰ ਆਪਣੀ ਮਰਜ਼ਾਨਗੀ ਦੀ ਛਾਪ ਛੱਡਣ ਵਿਚ ਇਹ ਦਵਾਈ ਮਦਦ ਕਰਦੀ ਹੈ ---- **£89**

ਨੁਸਖਾ ਨੰਬਰ 13 (IN VIALS): ਮਰਦ ਦੀ ਮਰਜ਼ਾਨਗੀ ਨੂੰ ਚੰਗਰ (ਘਟੇ ਹੋਏ) ਮਿਕਦਾਰੀ ਮਰਜ਼ੀ--- **£89**

ਨੁਸਖਾ ਨੰਬਰ 14 (IN TABLETS): ਢਲਦੀ ਉਮਰ ਵਿਚ ਮਰਦਾਂ ਨੂੰ ਆਉਣ ਵਾਲਿਆਂ ਪਿਸ਼ਾਬ ਅਤੇ SEXUAL ਸਮੱਸਿਆਵਾਂ MALE DISORDERS ਨੂੰ ਇਹ ਦਵਾਈ ਹੱਲ ਕਰਦੀ ਹੈ ---- **£69**

ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਸਾਡੂ ਢਾਂਚਾ ਕੰਮ ਕਰਦੇ ਹਨ)

PILAES (IN OINTMENT) - ਬਵਾਸੀਰ ਦੀ ਬਿਮਾਰੀ ਵਿਚ ਪਖਾਨੇ ਰਾਸਤਾ ਖੁਲਣ ਵਿਚ ਖੁਜਲੀ ਅਤੇ ਸਫਾਣ ਤੋਂ ਆਰਾਮ **£19**
NURALACO (IN OINTMENT OR LOTION) --- ਨਾੜਾਂ ਦੇ ਦਰਦ ਅਤੇ ਸਿਰ ਤੋਂ ਆਰਾਮ ----- **£19**
CHILLAGA (IN OINTMENT OR LOTION) ---ਠੰਢ ਕਾਰਣ ਹੋਣ ਹੋਣ ਵਾਲੀ ਚਮੜੀ ਫੁਟਣਾ ਚ ਦਰਦ ਤੇ ਸਿਰ ਤੋਂ ਆਰਾਮ **£19**
ARNSTRA (IN OINTMENT) ------- ਚਮੜਾ, ਸੋਰ (SPOTS) ਚੁੰਨੀ ਸੋਟ ਨਾਲ ਹੋਏ ਜਖਮਾਂ ਜਾ (BED SORES) ਨੂੰ ਆਰਾਮ **£19**
BELINFLA (IN OIL OR OINTMENT) ---ਨਸਾ, ਪੱਠਿਆਂ ਅਤੇ ਸੋਜਾ ਵਿਚ ਸਿਰ, ਲਾਨਾਂ ਤੇ ਖਿਚ ਦਰਦ ਨੂੰ ਆਰਾਮ **£19**
BELULCE (IN OIL) ---- ਸੋਟ ਲੱਗਣ ਕਾਰਣ ਹੋਏ ULCERS ਅਤੇ ਜਖਮਾਂ ਨੂੰ ਆਰਾਮ ---------- **£19**
BRYJOIN (IN OIL) -ਜੋੜ ਦਾ ਦਰਦਰ, ਵਾਯੂ ਗੋਲਾ ਨਾਲ ਗਲਤਫਹਮ ਵਿਚ ਅਤੇ ਜੋੜਾਂ 'ਚ ਅਕੜਾਹਟ ਨੂੰ ਆਰਾਮ - **£19**
CALWOUN (IN OIL OR OINTMENT) --- ਸੋਟ ਲਾਣ ਜਖਮਾਂ ਦੀ ਪੀਕ ਜਾ ਸਹਤ ਜਾਣ ਤੇ ਸਮਤ ਦਰਦਾ ਤੋਂ ਆਰਾਮ- **£19**
BURCAN (IN LOTION OR OINTMENT)-- ਚਿਹਰੇ ਦੀ ਚਮੜੀ ਖਸਣ ਦੇ ਦਰਦਾ ਅਤੇ ਛਾਲਿਆਂ ਤੋਂ ਸੁਖਮਈ ਆਰਾਮ --- **£19**
ROUTUM (IN OINTMENT) -- ਸਰੀਰ ਦੇ ਚਿਹਰੇ ਦੀ ਚਿੱਤੇ ਵਿਚ ਕਿਸਟੀਆਂ ਦੀ ਸਿਰ ਅਤੇ ਦਰਦਾ ਤੋਂ ਆਰਾਮ ---- **£19**
JOINRHU (IN OIL) -- ਜੋੜਾ ਦੇ ਦਰਦਾ, ਸਿਰ ਸੱਟਾ ਦਰਦਾ, ਚੁੱਕ ਪੈਣ ਅਤੇ ਕੋਲੇਸਟਰ ਪੱਠਿਆਂ ਦੀ ਸਿਰ ਤੋਂ ਆਰਾਮ- **£19**
ASSSIL (IN LOTION) -- ਕਿਸਟੀਆਂ ਦਾ ਛੋਟੇ ਪੱਤੇ ਦੇ ਰਸ ਦਾ ਬਣਾ ਦੀ ਹਾਲਤ ਵਿਚ ਮੁਖਮਈ ਆਰਾਮ ---- **£19**
ITCSUL (IN OIL)---- ਸਰੀਰ ਉਤੇ ਚਿਹਰੇ ਦੀ ਤਰ੍ਹਾਂ ਦੀ ਖਾਰਸ਼ ਤੋਂ ਆਰਾਮ ---------- **£19**
WARTHU (IN OIL) -- ਹਰ ਤਰ੍ਹਾਂ ਦੇ ਖੁਸ਼ਕ, ਤਰ, ਸਪੰਜ ਜਾ ਗੋਭੀ ਦੇ ਫੁੱਲ ਵਰਗੇ ਮੁਹਾਸੇ (WARTS) ਤੋਂ ਆਰਾਮ --- **£19**

* HOMOEOPATHIC HEALTH CLINIC ਦੇ ਨਾ 'ਤੇ ਹੋਰ ਹੋਸਪਾਲ ਆਰਥਰਾ ਜਾਂ ਫੀਲਡ ਚਲਾਂ ਕੋਲੇ ! (ਹਰ ਆਰਥਰਾ ਲਾਭ **£10** ਹਿੰਦਿਕ ਤੇ ਹੋਸਪਾਲ ਲਈ)

ਹਰ ਤਰ੍ਹਾਂ ਦੇ ਲਿਸ਼ਾਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸ ਤੋਂ ਮੁਕੰਮਲ ਛੁਟਕਾਰਾ ਪੱਕੇ ਸਮਾਰਥਾਂ ਲਈ ਫੋਨ ਕਰੋ
ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

ਜਰਖੜ ਹਾਕੀ ਅਕੈਡਮੀ ਨੇ ਉਲੰਪੀਅਨ ਸੁਰਜੀਤ ਸਿੰਘ ਰੰਧਾਵਾ ਦੀ 42ਵੀਂ ਬਰਸੀ ਖੇਡ ਭਾਵਨਾ ਨਾਲ ਮਨਾਈ

ਜਰਖੜ ਅਕੈਡਮੀ ਦੇ ਬੱਚਿਆਂ ਨੇ ਮਹਾਨ ਖਿਡਾਰੀ ਬਣਨ ਦਾ ਕੀਤਾ ਪ੍ਰਣ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਮਾਤਾ ਸਾਹਿਬ ਕੌਰ ਹਾਕੀ ਅਕੈਡਮੀ ਜਰਖੜ ਨੇ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ , 1975 ਵਿਸ਼ਵ ਕੱਪ ਦੇ ਜੇਤੂ ਹੀਰੋ ਉਲੰਪੀਅਨ ਸੁਰਜੀਤ ਸਿੰਘ ਰੰਧਾਵਾ ਦੀ 42ਵੀਂ ਬਰਸੀ ਖੇਡ ਭਾਵਨਾ ਦੇ ਸਤਿਕਾਰ ਦੇ ਨਾਲ ਮਨਾਈ ਗਈ । ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਖਿਡਾਰੀਆਂ ਅਤੇ ਸਮੂਹ ਪ੍ਰਬੰਧਕਾਂ ਨੇ ਉਲੰਪੀਅਨ ਸੁਰਜੀਤ ਸਿੰਘ ਰੰਧਾਵਾ ਦੇ ਆਦਮ ਕੱਦ ਬੁੱਤ ਜੋ ਜਰਖੜ ਖੇਡ ਸਟੇਡੀਅਮ ਵਿਖੇ ਸਥਾਪਿਤ ਕੀਤਾ ਗਿਆ ਹੈ ਉਸ ਉੱਤੇ ਹਾਰ ਪਾ ਕੇ ਅਤੇ 2 ਮਿੰਟ ਦਾ ਮੋਨ ਧਾਰਨ ਕਰਕੇ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਬੱਚਿਆਂ ਨੂੰ ਜਿੱਥੇ ਉਲੰਪੀਅਨ ਸੁਰਜੀਤ ਸਿੰਘ ਰੰਧਾਵਾ ਦੇ ਜੀਵਨ ਬਾਰੇ ਅਤੇ ਉਹਨਾਂ ਦੀਆਂ ਪ੍ਰਾਪਤੀਆਂ ਬਾਰੇ ਦੱਸਿਆ ਉੱਥੇ ਬੱਚਿਆਂ ਨੇ ਵੀ ਉਲੰਪੀਅਨ ਸੁਰਜੀਤ ਸਿੰਘ ਰੰਧਾਵਾ ਵਰਗੇ ਮਹਾਨ ਖਿਡਾਰੀ ਬਣਨ ਦਾ ਪ੍ਰਣ ਕੀਤਾ। ਉਲੰਪੀਅਨ ਸੁਰਜੀਤ ਸਿੰਘ ਰੰਧਾਵਾ ਜੋ 7 ਜਨਵਰੀ 1984 ਨੂੰ ਜਲੰਧਰ ਲਾਗੇ ਇੱਕ ਸੜਕ ਹਾਦਸੇ ਵਿੱਚ ਇਸ ਦੁਨੀਆਂ ਤੋਂ ਰੁਖਸਤ ਹੋ ਗਏ ਸਨ। ਉਹਨਾਂ ਨੇ ਭਾਰਤੀ ਹਾਕੀ ਟੀਮ ਦੀ ਨੁਮਾਇੰਦਗੀ ਕਰਦਿਆਂ ਭਾਰਤ ਨੂੰ ਚੈਂਪੀਅਨ ਬਣਾਉਣ ਤੋਂ ਇਲ-

ਵਾ ਅੰਤਰਰਾਸ਼ਟਰੀ ਪੱਧਰ ਤੇ ਹੋਰ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ। ਉਹਨਾਂ ਦੀ ਚੋਣ ਵਿਸ਼ਵ ਇਲੈਵਨ ਦੇ ਮਹਾਨ ਖਿਡਾਰੀਆਂ ਵਿੱਚ ਵੀ ਹੋਈ । ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਜਰਖੜ ਭਾਰਤ ਦਾ ਇੱਕੋ ਇੱਕ ਅਜਿਹਾ ਖੇਡ ਸਟੇਡੀਅਮ ਹੈ ਜਿੱਥੇ ਦੁਨੀਆਂ ਦੇ 7 ਮਹਾਨ ਖਿਡਾਰੀਆਂ ਦੇ ਆਦਮ ਕੱਦ ਬੁੱਤ ਵੀ ਸਥਾਪਿਤ ਕੀਤੇ ਗਏ ਹਨ । ਇਸ ਤੋਂ ਇਲਾਵਾ

ਜਰਖੜ ਹਾਕੀ ਅਕੈਡਮੀ ਨੇ ਆਪਣੇ ਹੀ ਦਮ ਤੇ ਐਸਟ੍ਰੋਟਰਫ ਹਾਕੀ ਮੈਦਾਨ ਦਾ ਨਿਰਮਾਣ ਵੀ ਕੀਤਾ ਹੋਇਆ ਹੈ। ਇਸ ਮੌਕੇ ਜਰਖੜ ਅਕੈਡਮੀ ਦੇ ਕੋਚ ਗੁਰਸਤਿੰਦਰ ਸਿੰਘ ਪਰਗਟ ਅਤੇ ਹਰਮੀਤ ਸਿੰਘ ਨੇ ਵੀ ਅਕੈਡਮੀ ਦੇ ਬੱਚਿਆਂ ਨੂੰ ਉਲੰਪੀਅਨ ਸੁਰਜੀਤ ਸਿੰਘ ਰੰਧਾਵਾ ਦੀਆਂ ਪ੍ਰਾਪਤੀਆਂ ਬਾਰੇ ਭਰਪੂਰ ਜਾਣਕਾਰੀ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਜਾਗਰੂਕ ਕੀਤਾ। ਇਸ ਮੌਕੇ ਸਾਬਕਾ ਕੌਮੀ ਹਾਕੀ ਖਿਡਾਰੀ ਹੁਕਮ ਸਿੰਘ ਲੁਧਿਆਣਾ, ਪਰਮਜੀਤ ਸਿੰਘ ਪੰਮਾ ਗਰੇਵਾਲ , ਜੁਆਏਦੀਪ ਸਿੰਘ, ਪਵਨਪ੍ਰੀਤ ਸਿੰਘ ਡੰਗੋਰਾ, ਰਘਵੀਰ ਸਿੰਘ ਡੰਗੋਰਾ ਆਦਿ ਜਰਖੜ ਅਕੈਡਮੀ ਦੇ ਸਮੂਹ ਖਿਡਾਰੀ ਅਤੇ ਪ੍ਰਬੰਧਕ ਹਾਜ਼ਰ ਸਨ।

ਵਿਧਾਇਕ ਜਿੰਪਾ ਨੇ ਪਿੰਡ ਜਹਾਨਖੇਲਾਂ 'ਚ ਟਿਊਬਵੈੱਲ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਪਿੰਡ ਜਹਾਨਖੇਲਾਂ ਵਿੱਚ 10 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਟਿਊਬਵੈੱਲ ਦੇ ਨਿਰਮਾਣ ਕਾਰਜ ਦਾ ਰਸਮੀ ਉਦਘਾਟਨ ਕੀਤਾ। ਇਸ ਮੌਕੇ ਪਿੰਡ ਵਾਸੀ ਖਾਸ ਤੌਰ 'ਤੇ ਉਤਸ਼ਾਹਿਤ ਸਨ। ਟਿਊਬਵੈੱਲ ਦੇ ਨਿਰਮਾਣ ਨਾਲ ਪਿੰਡ ਦੀ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਸਥਾਈ ਹੱਲ ਹੋਣ ਦੀ ਉਮੀਦ ਜਤਾਉਂਦੀ ਹੈ। ਵਿਧਾਇਕ ਜਿੰਪਾ ਨੇ ਕਿਹਾ ਕਿ ਸੂਬਾ ਸਰਕਾਰ ਦਾ ਉਦੇਸ਼ ਹਰ ਪਿੰਡ ਨੂੰ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਨਾ ਹੈ ਤਾਂ ਜੋ ਪਿੰਡ ਵਾਸੀਆਂ ਨੂੰ ਪੀਣ ਵਾਲਾ ਸਾਫ਼ ਪਾਣੀ ਅਤੇ ਖੇਤੀ ਲਈ ਲੋੜੀਂਦਾ ਪਾਣੀ ਮਿਲ ਸਕੇ। ਉਨ੍ਹਾਂ ਕਿਹਾ ਕਿ ਟਿਊਬਵੈੱਲਾਂ ਦੇ ਨਿਰਮਾਣ ਨਾਲ ਆਮ ਲੋਕਾਂ ਨੂੰ ਪਾਣੀ ਦੀ ਕਿੱਲਤ

ਤੋਂ ਰਾਹਤ ਮਿਲੇਗੀ। ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਇਸ ਪਹਿਲਕਦਮੀ ਨੇ ਪਿੰਡ ਵਾਸੀਆਂ ਦੀ ਲੰਬੇ ਸਮੇਂ ਤੋਂ ਚਲੀ ਆ ਰਹੀ ਮੰਗ ਨੂੰ ਪੂਰਾ ਕੀਤਾ ਹੈ ਅਤੇ ਪਿੰਡ ਦੇ ਵਿਕਾਸ ਨੂੰ ਨਵੀਂ ਗਤੀ ਦੇਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਇਲਾਕੇ ਦੇ ਵਿਕਾਸ ਲਈ ਲਗਾਤਾਰ ਯਤਨਸ਼ੀਲ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਪਿੰਡ ਜਹਾਨਖੇਲਾਂ ਵਿੱਚ ਹੋਰ ਵਿਕਾਸ ਕਾਰਜ ਕੀਤੇ ਜਾਣਗੇ। ਵਿਧਾਇਕ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਸਾਰੀ ਦਾ ਕੰਮ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਅਤੇ ਗੁਣਵੱਤਾਪੂਰਨ ਢੰਗ ਨਾਲ ਪੂਰਾ ਕੀਤਾ ਜਾਵੇ, ਤਾਂ ਜੋ ਲੋਕਾਂ ਨੂੰ ਇਸ ਦਾ ਲਾਭ ਜਲਦੀ ਮਿਲ ਸਕੇ। ਇਸ ਮੌਕੇ ਬਲਾਕ ਸੰਮਤੀ ਮੈਂਬਰ ਮੁਕੇਸ਼ ਕੁਮਾਰ, ਯੂਥ ਪ੍ਰਧਾਨ ਪ੍ਰੀਤਪਾਲ, ਜੁਗਲ ਕਿਸ਼ੋਰ, ਅਮਨਦੀਪ ਕੌਰ, ਰਮਿਤ ਦਿਓਲ, ਰਵੀ ਕੁਮਾਰ ਅਤੇ ਪਿੰਡ ਦੀ ਸਰਪੰਚ ਪਰਵੀਨ ਕੁਮਾਰੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਸਾਰਿਆਂ ਨੇ ਵਿਧਾਇਕ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਟਿਊਬਵੈੱਲ ਪਿੰਡ ਲਈ ਇਕ ਵੱਡਾ ਤੋਹਫ਼ਾ ਹੈ।

ਸ਼੍ਰੋਮਣੀ ਕਮੇਟੀ ਤੇ ਕਾਬਜ਼ ਜੁੰਡਲੀ ਵਲੋਂ ਵਿੱਤੀ ਬੇਨਿਜਮੀਆਂ ਅਤੇ 328 ਸਰੂਪਾਂ ਦੇ ਮਸਲੇ ਤੇ ਦੋਸ਼ੀਆਂ ਖਿਲਾਫ ਕਾਰਵਾਈ ਦੇ ਦਾਅਵੇ ਨਿਕਲੇ ਖੋਖਲੇ : ਸਿੰਗੜੀਵਾਲਾ

ਹੁਸ਼ਿਆਰਪੁਰ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪਿਛਲੇ ਸਮੇਂ ਚੋਣਾਂ 2011 ਵਿੱਚ ਹੋਈਆਂ ਸਨ ਅਤੇ ਉਸ ਚੁਣੇ ਹੋਏ ਹਾਊਸ ਦੀ ਮਿਆਦ 2016 ਵਿੱਚ ਖਤਮ ਹੋ ਚੁੱਕੀ ਹੈ ਹੁਣ ਬਾਦਲ ਜੁੰਡਲੀ ਵੱਲੋਂ ਕੇਂਦਰ ਸਰਕਾਰ ਦੀਆਂ ਫਿਰਕੂ ਤਾਕਤੀਆਂ ਨਾਲ ਮਿਲ ਕੇ ਮਸੰਦਪੁਣੇ ਦੀ ਸੋਚ ਅਧੀਨ ਸਿੱਖ ਭਾਵਨਾਵਾਂ ਨੂੰ ਕੁਚਲ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਤੇ ਜਬਰੀ ਕਬਜ਼ਾ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਬਾਦਲ ਜੁੰਡਲੀ ਵੱਲੋਂ ਦੋਸ਼ੀਆਂ ਖਿਲਾਫ ਕਾਰਵਾਈ ਦਾ ਦਾਅਵੇ ਖੋਖਲੇ ਤੇ ਬੇਬਨਿਆਦ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)ਦੀ ਜਿਲ੍ਹਾ ਦਫਤਰ ਵਿਖੇ ਹੋਈ ਵਿਸ਼ੇਸ਼ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਪ੍ਰਧਾਨ ਨੇ ਕੀਤਾ ਇਸ ਸਮੇਂ ਸਮੂਹ ਹਾਜ਼ਰ ਆਗੂਆਂ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ ਬਣੀ ਡਾਕਟਰ ਈਸ਼ਰ ਸਿੰਘ ਕਮੇਟੀ ਨੇ ਚਾਰਟਡ ਕਾਊਂਟੈਂਟ ਸਤਿੰਦਰ ਸਿੰਘ ਕੋਹਲੀ ਸਮੇਤ ਗਰਦਾਨੇਇਹਨਾਂ ਗਏ ਦੋਸ਼ੀਆਂ ਖਿਲਾਫ ਕਾਨੂੰਨੀ ਕਾਰਵਾਈ ਇਸ ਕਰਕੇ ਨਹੀਂ ਕੀਤੀ ਕਿਉਂਕਿ ਇਹ ਦੋਸ਼ੀ ਸੁਖਬੀਰ ਸਿੰਘ ਬਾਦਲ ਦੇ ਬਹੁਤ ਨਜ਼ਦੀਕ ਸਨ ਉਹਨਾ ਦੋਸ਼ੀਆਂ ਨੂੰ

ਬਚਾਉਣ ਲਈ ਕੇਵਲਪ੍ਰਧਾਨਗੀ ਨਗੂਣੀ ਕਾਰਵਾਈ ਹੀ ਕੀਤੀ ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਜਥੇਦਾਰ ਗੁਰਦੀਪ ਸਿੰਘ ਖੁਣ ਖੁਣ ਸੀਨੀਅਰ ਮੀਤ ਪ੍ਰਧਾਨ ਕਿਸਾਨ ਵਿੰਗ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਸ਼੍ਰੋਮਣੀ ਕਮੇਟੀ ਵਿੱਚ ਵਿੱਤੀ ਬੇਨਿਯਮੀਆਂ, 328 ਸਰੂਪ ਨੂੰ ਖੁਰਦ ਬੁਰਦ ਅਤੇ ਬੇਅਦਬੀਆਂ ਦਾ ਇਨਸਾਫ ਲੈਣ ਲਈ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਤੇ ਕਾਬਜਨੂੰਹਾਂ ਜੁੰਡਲੀ ਵੱਲੋਂ ਸਿੱਖ ਭਾਵਨਾਵਾਂ ਦੇ ਉਲਟ ਇਨਸਾਫ ਦੇ ਰਾਹ ਵਿੱਚ ਅੜੇਡੇ ਅਟਕਾਉਣ ਨੂੰ ਸਿੱਖ ਕੌਮ ਬਰਦਾਸ਼ਤ ਨਹੀਂ ਕਰੇਗੀ ਅਤੇ ਸਿੱਖ ਸੰਗਤ ਨੂੰ ਨਾਲ ਲੈ ਕੇ ਇਹਨਾਂ ਦਾ ਜਬਰਦਸਤ ਵਿਰੋਧ ਕੀਤਾ ਜਾਵੇਗਾ ਇਸ ਸਮੇਂ ਗੁਰਦੀਪ ਸਿੰਘ ਗੜਦੀਵਾਲ ਸੀਨੀਅਰ ਮੀਤ ਪ੍ਰਧਾਨ, ਸੰਦੀਪ ਸਿੰਘ ਖਾਲਸਾ ਟਾਂਡਾ,ਬੀਬੀ ਰਾਜਵਿੰਦਰ ਕੌਰ ਪ੍ਰਧਾਨ ਇਸਤਰੀ ਵਿੰਗ, ਅਵਤਾਰ ਸਿੰਘ ਝੀਗੜ ਕਲਾਂ, ਹਰਭਜਨ ਸਿੰਘ ਜੌਹਲ, ਸਤਨਾਮ ਸਿੰਘ ਧਾਮੀਆਂ ਮੁਕੇਰੀਆਂ, ਰਚਨ ਸਿੰਘ ਟਾਂਡਾ ਚੁੜੀਆਂ, ਜਗਦੀਸ਼ ਸਿੰਘ ਚੱਬੇਵਾਲ, ਸਤਨਾਮ ਸਿੰਘ ਮੁਰ-ਦਪੁਰ, ਸੁਖਦੇਵ ਸਿੰਘ ਕਾਹਰੀ, ਸੁਖਵਿੰਦਰ ਸਿੰਘ ਸਾਬੀ ਦਸ਼ਮੇਸ਼ ਨਗਰ, ਪਰਮਜੀਤ ਸਿੰਘ ਮਿੰਟੂ ਆਦਿ ਹਾਜ਼ਰ ਸਨ।

ਫੋਟੋ ਅਜਮੇਰ ਦੀਵਾਨਾ

ਬੇਗਮਪੁਰਾ ਟਾਈਗਰ ਫੋਰਸ ਨੇ ਵਿਕਸਿਤ ਭਾਰਤ ਜੀ ਰਾਮ ਜੀ ਦੇ ਵਿਰੋਧ ਵਿੱਚ ਪ੍ਰਧਾਨ ਮੰਤਰੀ ਨੂੰ ਭੇਜਿਆ ਮੰਗ ਪੱਤਰ !

ਕੇਂਦਰ ਸਰਕਾਰ ਨੇ ਐਸਸੀ ਸਮਾਜ ਨੂੰ ਰੁਜ਼ਗਾਰ ਦੇਣ ਦੀ ਮਨਰੇਗਾ ਸਕੀਮ ਦੀ ਮਹੱਤਤਾ ਹੀ ਖਤਮ ਕਰ ਦਿੱਤੀ : ਹੈਪੀ, ਬੰਟੀ, ਬਿੱਟੂ

ਹੁਸ਼ਿਆਰਪੁਰ (ਤਰਸੇਮ ਦੀਵਾਨਾ) - ਬੇਗਮਪੁਰਾ ਟਾਈਗਰ ਫੋਰਸ ਤੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਬੇਗਮਪੁਰਾ ਟਾਈਗਰ ਫੋਰਸ ਪੰਜਾਬ ਦੇ ਅਹੁਦੇਦਾਰਾ ਵੱਲੋਂ ਵਿਕਸਿਤ ਭਾਰਤ ਜੀ ਰਾਮ ਜੀ ਐਕਟ ਦੇ ਵਿਰੁੱਧ ਵਿੱਚ ਪ੍ਰਧਾਨ ਮੰਤਰੀ ਭਾਰਤ ਸਰਕਾਰ ਨੂੰ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਰਾਹੀਂ ਮੰਗ ਪੱਤਰ ਭੇਜਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਆਗੂਆਂ ਨੇ ਦੱਸਿਆ ਕਿ ਮਨਰੇਗਾ ਸਕੀਮ ਨਾਲ ਦੇਸ਼ ਦੇ ਪੇਂਡੂ ਮਜ਼ਦੂਰਾਂ ਦੇ ਜੀਵਨ ਵਿੱਚ ਕੁਝ ਸੁਧਾਰ ਲਿਆਂਦਾ ਸੀ। ਪਰ ਭਾਰਤ ਸਰਕਾਰ ਵੱਲੋਂ ਬੀਤੇ ਦਿਨੀਂ ਮਨਰੇਗਾ ਸਕੀਮ ਦਾ ਨਾਮ ਬਦਲ ਕੇ 'ਵਿਕਸਿਤ ਭਾਰਤ ਜੀ ਰਾਮ ਜੀ' ਰੱਖ ਦਿੱਤਾ ਗਿਆ ਹੈ। 'ਬੇਗਮਪੁਰਾ ਟਾਈਗਰ ਫੋਰਸ,ਇਸ ਦਲਿਤ ਅਤੇ ਮਜ਼ਦੂਰ ਵਿਰੋਧੀ ਸਕੀਮ ਦਾ ਡੱਟ ਕੇ ਵਿਰੋਧ ਕਰਦੀ ਹੈ। ਉਹਨਾਂ ਕਿਹਾ ਕਿ ਮਨਰੇਗਾ ਸਕੀਮ ਪੇਂਡੂ ਮਜ਼ਦੂਰਾਂ ਲਈ ਰੁਜ਼ਗਾਰ ਲਈ ਆਸ ਦੀ ਕਿਰਨ ਸੀ, ਜਿਸ ਨੂੰ ਕੇਂਦਰ ਸਰਕਾਰ ਨੇ ਨਵੀਂ ਸਕੀਮ 'ਵਿਕਸਿਤ ਭਾਰਤ ਜੀ ਰਾਮ ਜੀ' ਰਾਹੀਂ ਖਤਮ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੇ ਮਨਰੇਗਾ ਸਕੀਮ ਦਾ ਕੇਵਲ ਨਾਮ ਹੀ ਨਹੀਂ ਬਦਲਿਆ, ਸਗੋਂ ਪੇਂਡੂ ਦਲਿਤ ਅਤੇ ਗਰੀਬਾਂ ਨੂੰ ਰੁਜ਼ਗਾਰ ਦੇਣ ਦੀ ਮਨਰੇਗਾ ਸਕੀਮ ਦੀ ਮਹੱਤਤਾ ਹੀ ਖਤਮ ਕਰ ਦਿੱਤੀ ਹੈ, ਜਿਸ ਲਈ ਦੇਸ਼ ਭਰ ਦੇ ਕਰੋੜਾਂ ਮਜ਼ਦੂਰਾਂ ਦੇ ਮਨਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਮਨਰੇਗਾ ਸਕੀਮ ਦਾ ਨਾਮ 'ਵਿਕਸਿਤ ਭਾਰਤ ਜੀ ਰਾਮ ਜੀ' ਰੱਖ ਕੇ ਭਾਜਪਾ ਦੀ ਕੇਂਦਰ ਸਰਕਾਰ ਨੇ ਆਰ ਐਸ ਐਸ ਦੇ ਹਿੰਦੂਵਾਦੀ ਫਿਰਕਾਪ੍ਰਸਤੀ ਮਨਸੂਬਿਆਂ ਨੂੰ ਅਮਲੀ ਜਾਮਾ ਪਹਿਨਾਉਣ ਦੀ ਕੋਸ਼ਿਸ਼ ਕੀਤੀ ਹੈ। ਨਵੀਂ ਸਕੀਮ ਦਾ ਨਾਮ ਭਗਵਾਨ ਰਾਮ ਦੇ ਨਾਂ ਤੇ ਰੱਖ ਕੇ ਭਾਜਪਾ ਨੇ ਧਾਰਮਿਕ ਤੌਰ ਤੇ ਰਾਜਨੀਤਿਕ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਹੈ। ਜਿਸ ਨੂੰ ਭਾਰਤ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ।

ਉਹਨਾਂ ਕਿਹਾ ਕਿ ਕੇਂਦਰ ਸਰਕਾਰ ਇਸ ਸਕੀਮ ਰਾਹੀਂ ਪੂਰੇ ਭਾਰਤ ਤੇ ਏਕਾ ਅਧਿਕਾਰ ਕਰਨਾ ਚਾਹੁੰਦੀ ਹੈ, ਕਿਉਂਕਿ ਮਨਰੇਗਾ ਸਕੀਮ ਵਿੱਚ ਪਿੰਡ ਦੀਆਂ ਪੰਚਾਇਤਾਂ ਵਲੋਂ ਹੀ ਸਥਾਨਕ ਲੋੜਾਂ ਅਨੁਸਾਰ ਕੀਤੇ ਜਾਣ ਵਾਲੇ ਕੰਮ ਦੀ ਯੋਜਨਾ ਬਣਾਈ ਜਾਂਦੀ ਸੀ, ਪਰੰਤੂ ਹੁਣ ਨਵੀਂ ਸਕੀਮ ਵਿੱਚ ਕੇਂਦਰ ਸਰਕਾਰ ਹੀ ਪਿੰਡਾਂ ਵਿੱਚ ਕੀਤੇ ਜਾਣ ਵਾਲੇ ਕੰਮ ਨਿਰਧਾਰਿਤ ਕਰੇਗੀ।

ਉਹਨਾਂ ਕਿਹਾ ਕਿ ਮਨਰੇਗਾ ਸਕੀਮ ਵਿੱਚ ਕੇਂਦਰ ਸਰਕਾਰ 90 ਫੀਸਦੀ ਅਤੇ ਸੂਬਾ ਸਰਕਾਰਾਂ 10 ਫੀਸਦੀ ਰਾਸ਼ੀ ਦਾ ਯੋਗਦਾਨ ਪਾਉਂਦੀਆਂ ਸਨ। ਪਰ ਹੁਣ ਨਵੀਂ ਸਕੀਮ ਵਿੱਚ ਕੇਂਦਰ ਸਰਕਾਰ 60 ਫੀਸਦੀ ਦੇਵੇਗੀ ਅਤੇ ਰਾਜ ਸਰਕਾਰਾਂ ਨੂੰ 40 ਫੀਸਦੀ ਹਿੱਸਾ ਪਾਉਣਾ ਪਵੇਗਾ ਜੋ ਕਿ ਸੂਬਾ ਸਰਕਾਰਾਂ ਦੇ ਬਸ ਦੀ ਗੱਲ ਨਹੀਂ ਹੈ, ਕਿਉਂਕਿ ਕੇਂਦਰ ਸਰਕਾਰ ਨੇ ਪਹਿਲਾਂ ਹੀ ਵਿੱਤੀ ਸਾਧਨ ਆਪਣੇ ਕੰਟਰੋਲ ਵਿੱਚ ਕੀਤੇ ਹੋਏ ਹਨ ਅਤੇ ਸੂਬਾ ਸਰਕਾਰਾਂ ਕਰਜੇ ਦੇ ਬੋਝ ਹੇਠਾਂ ਦੱਬੀਆਂ ਹੋਈਆਂ ਹਨ।

ਉਹਨਾਂ ਦੱਸਿਆ ਕਿ ਕੇਂਦਰ ਸਰਕਾਰ ਨੇ ਇਸ ਨਵੀਂ ਸਕੀਮ ਵਿੱਚ ਪੇਂਡੂ ਮਜ਼ਦੂਰਾਂ ਨੂੰ ਬੁੱਧੂ ਬਣਾਉਣ ਲਈ ਕੰਮ ਦੇ ਦਿਨਾਂ ਦੀ ਗਿਣਤੀ 100 ਦਿਨਾਂ ਤੋਂ ਵਧਾ ਕੇ 125 ਦਿਨਾਂ ਕਰ ਦਿੱਤੀ ਗਈ ਹੈ, ਪਰ ਇਸ ਦਾ ਕੋਈ ਲਾਭ ਨਹੀਂ ਹੋਵੇਗਾ, ਕਿਉਂਕਿ ਇਸ ਸੂਬਾ ਸਰਕਾਰਾਂ ਕੋਲ ਇਸ ਪ੍ਰੋਜੈਕਟ ਲਈ ਵਿੱਤੀ ਸਾਧਨ ਮੌਜੂਦ ਨਹੀਂ ਹਨ। ਜਿੰਨੇ ਦਿਨ ਸੂਬਾ ਸਰਕਾਰਾਂ ਪੇਂਡੂ ਮਜ਼ਦੂਰਾਂ ਨੂੰ ਕੰਮ ਨਹੀਂ ਦੇਣਗੀਆਂ , ਉਨੇ ਦਿਨਾਂ ਲਈ ਬੇਰੁਜ਼ਗਾਰੀ ਭੱਤਾ ਦੇਣਾ ਪਵੇਗਾ, ਜੋ ਕਿ ਸੂਬਾ ਸਰਕਾਰਾਂ ਨਹੀਂ ਦੇ ਸਕਦੀਆਂ।

ਉਹਨਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਨੇ 'ਵਿਕਸਿਤ ਭਾਰਤ ਜੀ ਰਾਮ ਜੀ' ਸਕੀਮ ਨੂੰ ਖਤਮ ਕਰਕੇ ਪੁਰਾਣੀ ਮਨਰੇਗਾ ਸਕੀਮ ਨੂੰ ਤੁਰੰਤ ਲਾਗੂ ਕਰੇ। ਉਹਨਾਂ ਚੇਤਾਵਨੀ ਦਿੱਤੀ ਕਿ ਜੇਕਰ ਕੇਂਦਰ ਸਰਕਾਰ ਨੇ ਮਨਰੇਗਾ ਸਕੀਮ ਤੁਰੰਤ ਲਾਗੂ ਨਹੀਂ ਕੀਤੀ ਤਾਂ ਜਥੇਬੰਦੀ ਵੱਲੋਂ ਵੱਡੀ ਪੱਧਰ ਤੇ ਸੰਘਰਸ਼ ਸ਼ੁਰੂ ਕੀਤਾ ਜਾਵੇਗਾ, ਜਿਸ ਦੀ ਜਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ। ਇਸ ਮੌਕੇ ਹੋਰਨਾਂ ਤੋ ਇਲਾਵਾ ਬਿੱਟੂ ਸ਼ੇਰਗੜ੍ਹ, ਬੰਟੀ ਹਰਿਆਣਾ, ਗੁਰਦੀਪ ਰਿਹਾਣਾ ਕਲਾ, ਕੁਲਵੰਤ ਹਰਿਆਣਾ ਕਲਾ, ਸਤੀਸ਼ ਕੁਮਾਰ, ਰਵੀ, ਮਨੀ, ਨਿੱਕੂ ਸੁੰਦਰ ਨਗਰ, ਖੁਸ਼ਦੀਪ, ਮੋਹਿਤ ਸ਼ੇਰਗੜ, ਮੋਹਿਤ ਬਿਰਦੀ, ਹੇਮੰਤ ਬਿਰਦੀ, ਗੁਰਦੀਪ ਬਿਰਦੀ, ਭੋਲਾ ਸ਼ੇਰਗੜ੍ਹ, ਰਾਮ ਮੂਰਤੀ ਸ਼ੇਰਪੁਰ, ਗੁਰਪਾਲ ਸਿੰਘ ਅਸਲਾਮਾਬਾਦ, ਮਨਜੀਤ ਸਿੰਘ ਦਸ਼ਮੇਸ਼ ਨਗਰ ਆਦਿ ਹਾਜ਼ਰ ਸਨ ! **ਫੋਟੋ ਅਜਮੇਰ ਦੀਵਾਨਾ**

for more news visit:
www.samajweekly.com

ਬਸਪਾ ਇੰਡੀਆ ਦੀ ਨੈਸ਼ਨਲ ਟੀਮ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਮੈਂਬਰ ਸਨਮਾਨਿਤ ਕੀਤੇ ਗਏ

ਜਲੰਧਰ (ਚਰਨਜੀਤ ਸੱਲ੍ਹਾਂ) ਬਹੁਜਨ ਸਮਾਜ ਪਾਰਟੀ ਇੰਡੀਆ ਦੀ ਨੈਸ਼ਨਲ ਟੀਮ ਨੇ ਪੰਜਾਬ ਬਹੁਜਨ ਸਮਾਜ ਪਾਰਟੀ ਦੀ ਟੀਮ ਦੇ ਸਹਿਯੋਗ ਨਾਲ਼ ਬਹੁਜਨ ਸਮਾਜ ਪਾਰਟੀ ਦੇ ਬਲਾਕ ਸੰਮਤੀ ਜਿਲਾ ਪਰਿਸ਼ਦ ਦੇ ਜਿੱਤੇ ਕੈਂਡੀਡੇਟਾਂ ਨੂੰ ਸਾਹਿਬ ਕਾਂਸ਼ੀ ਰਾਮ ਭਵਨ ਜਲੰਧਰ ਵਿਖੇ ਸਨਮਾਨਿਤ ਕੀਤਾ। ਕੇਂਦਰੀ ਇੰਚਾਰਜ ਰਣਧੀਰ ਬੈਨੀਪਾਲ ਅਤੇ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਦੁਆਰਾ ਬਲਾਕ ਸੰਮਤੀ ਮੈਂਬਰ ਸ. ਅਵਤਾਰ ਸਿੰਘ ਜੀ ਜੋਨ ਚਣਕੋਆ ਤੋਂ ਸਨਮਾਨ ਦੌਰਾਨ . ਇਸ ਸਮੇਂ ਮੌਜੂਦ ਰਹੇ ਸੂਬਾ ਇੰਚਾਰਜ ਅਜੀਤ ਸਿੰਘ ਭੈਣੀ, ਸੂਬਾ ਸਕੱਤਰ ਦਿਲਬਾਗ ਚੰਦ ਮਹਿੰਦੀਪੁਰ , ਤਹਿਸੀਲ ਬਲਾਚੌਰ ਪ੍ਰਧਾਨ ਚਰਨਜੀਤ ਸੁਮਨ ਤੇ ਪੰਜਾਬ ਦਫ਼ਤਰ ਇੰਚਾਰਜ਼ ਇੰਜੀਨੀਅਰ ਜਸਵੰਤ ਰਾਏ ਜੀ।

ਸੁੱਖ ਚਮਕੀਲਾ ਜੀ ਦਾ ਸਿੰਗਲ ਟਰੈਕ ,, ਗੁਰਪੁਰਬ ਗੁਰਾਂ ਦਾ,, ਦੀ ਰਿਕਾਰਡਿੰਗ ਬਹੁਤ ਜਲਦ : ਗੀਤਕਾਰ ਸੂਬਾ ਉਦੇਸੀਆ ਵਾਲਾ

ਹੁਸ਼ਿਆਰਪੁਰ (ਤਰਸੇਮ ਦੀਵਾਨਾ) - ਸਾਹਿਬ-ਏ-ਕਮਾਲ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 649 ਵੇ ਆਗਮਨ ਗੁਰਪੁਰਬ ਤੇ ਸੁੱਖ ਚਮਕੀਲਾ, ਦੀ ਅਵਾਜ਼ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦਾ ਸ਼ਬਦ,, ਗੁਰਪੁਰਬ ਗੁਰਾਂ ਦਾ,, ਦੀ ਰਿਕਾਰਡਿੰਗ ਬਹੁਤ ਜਲਦ ਕੀਤੀ ਜਾਂ ਰਹੀ ਹੈ ਇਸ ਸਿੰਗਲ ਟਰੈਕ ਨੂੰ ਕਲਮਬੱਧ ਗੀਤਕਾਰ ਸੂਬਾ ਉਦੇਸੀਆ ਵਾਲਾ ਆਦਮਪੁਰ ਵਲੋਂ ਕੀਤਾ ਗਿਆ ਹੈ ਅਤੇ ਪ੍ਰੋਡਿਊਸਰ ਜਵਾਹਰ ਭਰੋਲੀ ਵਲੋਂ ਰਿਲੀਜ਼ ਕੀਤਾ ਜਾਵੇਗਾ, ਹੋਰ ਜਾਣਕਾਰੀ ਦਿੰਦਿਆਂ ਗੀਤਕਾਰ ਸੂਬਾ ਉਦੇਸੀਆ ਵਾਲਾ ਨੇ ਦੱਸਿਆ ਕਿ ਇਸ ਸਿੰਗਲ ਟਰੈਕ ਦਾ ਮਿਊਜ਼ਿਕ ਜਵਾਹਰ ਭਰੋਲੀ ਵਲੋਂ ਤਿਆਰ ਕੀਤਾ ਜਾਵੇਗਾ ਅਤੇ ਇਸ ਦਾ ਵੀਡੀਓ ਬਿੱਟੂ ਅਰੋੜਾ ਵੱਲੋਂ ਧਾਰਮਿਕ ਸਥਾਨਾਂ ਤੇ ਸ਼ੂਟ ਕੀਤਾ ਜਾਵੇਗਾ ਇਸ ਧਾਰਮਿਕ ਗੀਤ ਨੂੰ ਕੰਪਨੀ ਜੇ ਆਰ ਸੀ ਵਲੋਂ ਰਿਲੀਜ਼ ਕੀਤਾ ਜਾਵੇਗਾ ਅਤੇ ਇਸ ਗੀਤ ਨੂੰ ਯੂ ਟਿਊਬ ਦੇ ਨਾਲ ਨਾਲ ਧਾਰਮਿਕ ਚੈਨਲਾਂ ਤੇ ਚਲਾਇਆਂ ਜਾਵੇਗਾ।

'ਉਡਾਣ' ਨੇ ਮਾਰੀ ਚੌਦ੍ਹਵੀਂ ਉਡਾਰੀ

ਬੋਸਟਨ। ਅਮਰੀਕਾ - ਪੰਜਾਬੀ ਵਿਗਿਆਨ ਗਲਪ ਮੈਗਜ਼ੀਨ 'ਉਡਾਣ' ਹੁਣ ਚੌਥੇ ਸਾਲ ਵਿੱਚ ਦਾਖਲ ਹੋ ਗਿਆ ਹੈ। ਨਵੇਂ ਸਾਲ ਦੇ ਮੌਕੇ 'ਤੇ ਸੰਪਾਦਕ ਅਮਨਦੀਪ ਸਿੰਘ ਨੇ ਸਲਾਹਕਾਰ ਬੋਰਡ ਡਾ. ਦੇਵਿੰਦਰ ਪਾਲ ਸਿੰਘ (ਕੈਨੇਡਾ), ਹਰੀ ਕ੍ਰਿਸ਼ਨ ਮਾਇਰ (ਕੈਨੇਡਾ), ਅਜਮੇਰ ਸਿੱਧੂ (ਭਾਰਤ), ਰੂਪ ਢਿੱਲੋਂ (ਯੂ.ਕੇ.) ਦੀ ਮਦਦ ਨਾਲ ਇਸ ਦਾ ਚੌਦ੍ਹਵਾਂ ਅੰਕ ਰਿਲੀਜ਼ ਕੀਤਾ। ਸੰਪਾਦਕ ਅਮਨਦੀਪ ਸਿੰਘ ਨੇ ਇਸ ਮੌਕੇ ਕਿਹਾ ਕਿ ਅੱਜ ਜਦੋਂ ਸਾਨੂੰ ਮਿਲਣ ਵਾਲੀਆਂ ਖ਼ਬਰਾਂ ਏਆਈ ਤੇ ਏਆਈ-ਯੁਕਤ ਸਮਾਰਟ ਉਪਕਰਨਾਂ (ਕਾਰਾਂ, ਰੋਬੋਟ, ਐਨਕਾਂ, ਆਦਿ) ਨਾਲ ਲਬਰੇਜ਼ ਹਨ, ਜੋ ਕਿਸੇ ਵਿਗਿਆਨ ਗਲਪ ਕਹਾਣੀ ਜਾਂ ਨਾਵਲ ਤੋਂ ਲਏ ਗਏ ਮਹਿਸੂਸ ਹੁੰਦੇ ਹਨ, ਤਾਂ ਸਾਡਾ ਦਿਲ ਭਵਿੱਖ ਦੀ ਅਨਿਸ਼ਚਿਤਤਾ ਬਾਰੇ ਸਵਾਲ ਪੁੱਛਦਾ ਹੈ? 'ਉਡਾਣ' ਦੇ ਇਸ ਨਵੇਂ ਸਾਲ ਦੇ ਅੰਕ ਵਿੱਚ ਕਈ ਅਜਿਹੇ ਸਵਾਲਾਂ ਦੀ ਪੜਚੋਲ ਕਰਦੀਆਂ ਰਚਨਾਵਾਂ ਹਨ। ਇਸ ਵਿੱਚ ਸਾਡੇ ਸੂਰਜ ਦੀ ਅਸਥਿਰ ਸਤ੍ਹਾ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਾਚੀਨ ਗਿਆਨ ਤੇ ਉਸ ਵਿਚਲੇ ਸਿਧਾਤਾਂ ਨੂੰ ਵਿਗਿਆਨਕ ਨਿਯਮਾਂ ਨਾਲ ਤੁਲਨਾ ਕਰਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਬੱਚਿਆਂ ਦੇ ਕੋਨੇ ਵਿੱਚ ਵਿਗਿਆਨਕ ਬਾਲ ਕਹਾਣੀਆਂ, ਲੇਖਾਂ ਤੇ ਕਵਿਤਾਵਾਂ ਰਾਹੀਂ ਮਹੱਤਵਪੂਰਨ ਜਾਣਕਾਰੀ ਸੌਖੇ ਤਰੀਕੇ ਨਾਲ ਦੇ ਕੇ ਅਗਲੀ ਪੀੜ੍ਹੀ ਨੂੰ ਵਿਗਿਆਨ ਨੂੰ ਸਮਝਣ ਦਾ ਤੇ ਕੁਦਰਤ ਦੀ ਸਾਂਭ-ਸੰਭਾਲ ਦਾ ਸੰਦੇਸ਼ ਦਿੱਤਾ ਗਿਆ ਹੈ। ਮੈਗਜ਼ੀਨ ਦਾ ਆਨਲਾਈਨ ਐਡੀਸ਼ਨ ਇਸ ਦੀ ਵੈੱਬਸਾਈਟ 'ਤੇ ਮੁਫ਼ਤ ਉਪਲੱਬਧ ਹੈ। ਮੈਗਜ਼ੀਨ ਦਾ ਆਨਲਾਈਨ ਐਡੀਸ਼ਨ ਇਸ ਦੀ ਵੈੱਬਸਾਈਟ (https://www.udaanpunjabi.com/) 'ਤੇ ਮੁਫ਼ਤ ਉਪਲੱਬਧ ਹੈ ਤੇ ਪਾਠਕ ਇਸ ਦੀ ਪ੍ਰਿੰਟ ਕਾਪੀ ਵੀ ਆਰਡਰ ਕਰ ਸਕਦੇ ਹਨ।

ਭਗਤ ਨਾਮਦੇਵ ਜੀ ਦਾ ਜੋਤੀ ਜੋਤ ਦਿਵਸ 18 ਜਨਵਰੀ ਨੂੰ ਮਨਾਇਆ ਜਾਵੇਗਾ

ਵੈਨਕੂਵਰ (ਮਲਕੀਤ ਸਿੰਘ)– ਭਗਤ ਨਾਮਦੇਵ ਸੇਵਾ ਸੋਸਾਇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਭਗਤ ਨਾਮਦੇਵ ਜੀ ਦੇ ਜੋਤੀ ਜੋਤ ਦਿਵਸ ਸਬੰਧੀ 18 ਜਨਵਰੀ ਨੂੰ ਸਰੀ ਸਥਿਤ ਗੁਰਦੁਆਰਾ ਸਿੰਘ ਸਭਾ ਵਿੱਚ ਇੱਕ ਧਾਰਮਿਕ ਸਮਾਗਮ ਅਯੋਜਿਤ ਕੀਤਾ ਜਾ ਰਿਹਾ ਹੈ ਅਤੇ ਇਸ ਸਬੰਧ ਵਿੱਚ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦਰਸ਼ਨ ਕੈਂਥ,ਬਲਵੰਤ ਕੈਂਥ ਅਤੇ ਮਨਜੀਤ ਫਰਵਾਹਾ ਨੇ ਸਾਂਝੇ ਤੌਰ ਤੇ ਦੱਸਿਆ ਕਿ ਸੰਗਤਾਂ ਦੇ ਸਹਿਯੋਗ ਨਾਲ ਭਗਤ ਨਾਮਦੇਵ ਸੇਵਾ ਸੋਸਾਇਟੀ ਵੱਲੋਂ ਆਯੋਜਿਤ ਕਰਵਾਏ ਜਾ ਰਹੇ ਇਸ ਧਾਰਮਿਕ

ਸਮਾਗਮ ਦਾ ਇੱਕ ਪੋਸਟਰ

ਸਮਾਗਮ ਦੌਰਾਨ 18 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਕੀਰਤਨੀ ਜਥਿਆਂ ਵੱਲੋਂ ਹਾਜ਼ਰ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਜਾਵੇਗਾ। ਗੁਰੂ ਕਾ ਅਤੁੱਟ ਲੰਗਰ ਵੀ ਇਸ ਮੌਕੇ ਤੇ ਵਰਤਾਇਆ ਜਾਵੇਗਾ। ਉਹਨਾਂ ਸਮੂਹ ਸੰਗਤਾਂ ਨੂੰ ਇਸ ਸਮਾਗਮ ਵਿੱਚ ਵੱਧ ਚੜ ਕੇ ਪੁੱਜਣ ਦੀ ਅਪੀਲ ਕੀਤੀ।

ਇਸ ਵਾਰ ਮੌਕਾ ਬਸਪਾ ਨੂੰ ਦਿਓ ਜੀ

ਜੈ ਭੀਮ ਜੈ ਭਾਰਤ ਸਾਥੀਓ ਅਸੀਂ 78 ਸਾਲਾਂ ਤੋਂ ਜਿਸ ਵੀ ਸਰਮਾਏਦਾਰ ਪਾਰਟੀ ਨੂੰ ਵੋਟ ਪਾਈ ਹੈ,ਕੋਈ ਵੀ ਪਾਰਟੀ ਮਜਦੂਰ ਦੀ ਦਿਹਾੜੀ ਲਈ ਨਹੀਂ ਬੋਲੀ,ਸਿਰਫ ਬਹੁਜਨ ਸਮਾਜ ਪਾਰਟੀ ਹੀ ਮਜਦੂਰਾਂ ਦੇ ਹੱਕ ਵਿੱਚ ਖੜੀ ਹੈ,ਪਰ ਮਜਦੂਰ ਬਸਪਾ ਨੂੰ ਇਸ ਕਰਕੇ ਵੋਟ ਨਹੀਂ ਪਾਉਂਦਾ ਕਿ ਹਾਰ ਜਾਂਦੀ ਹੈ,ਸਾਥੀਓ ਇਹ ਗੱਲ ਸਰਮਾਏਦਾਰਾਂ ਨੇ ਤੁਹਾਡੇ ਦਿਮਾਗਾਂ ਵਿੱਚ ਭਰ ਦਿੱਤੀ ਹੈ,ਜਿਸ ਵੀ ਪਾਰਟੀ ਨੂੰ ਤੁਸੀਂ ਵੋਟਾਂ ਪਾਓਂਦੇ ਹੋ,ਉਹ ਜਿੱਤ ਜਾਂਦੀ ਹੈ,ਜਿਵੇਂ ਜਦੋਂ ਤੁਸੀਂ ਅਕਾਲੀ ਭਾਜਪਾ ਨੂੰ ਵੋਟਾਂ ਪਾਈਆਂ,ਉਹ ਜਿੱਤ ਗਏ,ਜਦੋਂ ਤੁਸੀਂ ਕਾਂਗਰਸ ਨੂੰ ਵੋਟਾਂ ਪਾਈਆਂ,ਉਹ ਜਿੱਤ ਗਈ,ਹੁਣ ਜਦੋਂ ਤੁਸੀਂ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਈਆਂ,ਉਹ



ਜਿੱਤ ਗਈ।ਜੇਕਰ ਇਹੀ ਵੋਟਾਂ ਤੁਸੀਂ ਬਸਪਾ ਨੂੰ ਪਾਈਆਂ,ਤਾਂ ਬਸਪਾ ਜਿੱਤ ਜਾਂਦੀ।ਇਸ ਲਈ ਸਾਥੀਓ ਹਾਰਨ ਵਾਲੀ ਗੱਲ ਦਿਮਾਗ ਵਿਚੋਂ ਕਢੋ,ਬਸਪਾ ਨੂੰ ਮੌਕਾ ਦਿਓ। ਰਹੀ ਗੱਲ ਵਿਕਣ ਖੱਖੜੀਆਂ ਵਿਕਾਓਣ ਦੀ,ਇਸ ਸਮੇਂ ਅੱਧੇ ਤੋਂ ਜਿਆਦਾ ਕਾਂਗਰਸ ਦੇ ਸਰਮਾਏਦਾਰ/ਅਰਬਪਤੀ ਲੀਡਰ ਭਾਜਪਾ ਵਿੱਚ ਬੈਠੇ ਹਨ,ਅਕਾਲੀ ਦਲ ਕਰੇਲੇ ਵਾਂਗ ਖਿਲਰਿਆ ਪਿਆ ਹੈ।ਆਮ ਆਦਮੀ ਪਾਰਟੀ ਦਾ ਵੀ 2027 ਤੋਂ ਬਾਅਦ ਇਹੀ ਹਾਲ ਹੋਣ ਵਾਲਾ ਹੈ।ਬਸਪਾ ਦਾ ਤਾਂ ਕੋਈ ਮਾਤੜ ਹੀ ਵਿਕਿਆ ਹੋਵੇਗਾ,ਪਰ ਨੀਵੀਂ ਟਾਹਣੀ ਵਾਂਗ ਤੁਸੀਂ ਬਸਪਾ ਨੂੰ ਜਿਆਦਾ ਕਹਿੰਦੇ ਹੀ,ਜਿਵੇਂ ਸਰਮਾਏਦਾਰਾਂ ਤੋਂ ਡਰ ਲਗਦਾ ਹੋਵੇ।ਇਸ ਲਈ ਸਾਥੀਓ ਇੱਕ ਮੌਕਾ ਬਹੁਜਨ ਸਮਾਜ ਪਾਰਟੀ ਨੂੰ ਦਿਓ,ਜਦੋਂ ਉਤਰ ਪ੍ਰਦੇਸ਼ ਵਿੱਚ ਭੈਣ ਕੁਮਾਰੀ ਮਾਇਆਵਤੀ ਜੀ ਮੁੱਖ ਮੰਤਰੀ ਸਨ, ਕਈ ਸਰਮਾਏਦਾਰ ਭੈਣ ਜੀ ਦੀ ਸ਼ਰਨ ਵਿੱਚ ਆ ਗਏ ਸਨ। ਇਸ ਲਈ ਸਾਥੀਓ ਸਭ ਨੂੰ ਪਰਖਿਆ ਕਈ ਕਈ ਵਾਰ,ਅਬਕੀ ਵਾਰ ਬਸਪਾ ਸਰਕਾਰ।ਮਜਦੂਰਾਂ ਦੇ ਸਨਮਾਨ ਵਿੱਚ,ਬਸਪਾ ਮੈਦਾਨ ਵਿੱਚ।

ਜੈ ਭੀਮ ਜੈ ਭਾਰਤ।

ਚਰਨਜੀਤ ਸੱਲ੍ਹਾਂ

ਪੰਜਾਬ ਸਰਕਾਰ ਵੱਲੋਂ ਪੱਤਰਕਾਰਾਂ ਅਤੇ ਕੁੱਝ ਹੋਰ ਸਮਾਜਿਕ ਕਾਰਕੁੰਨਾਂ ਤੇ ਦਰਜ ਕੀਤੇ ਪਰਚੇ ਦੇ ਵਿਰੋਧ ਵਿੱਚ ਐਸਡੀਐਮ ਦਫਤਰ ਸਾਹਮਣੇ ਰੋਸ ਪ੍ਰਦਰਸ਼ਨ

● ਪ੍ਰੈਸ ਕਲੱਬ ਰਾਏਕੋਟ ਵੱਲੋਂ ਮੁੱਖ ਮੰਤਰੀ ਪੰਜਾਬ ਦਾ ਪੁਤਲਾ ਫੂਕਿਆ ਗਿਆ ● ਐਸਡੀਐਮ ਰਾਏਕੋਟ ਨੂੰ ਪਰਚਾ ਰੱਦ ਕਰਨ ਸਬੰਧੀ ਮੰਗ ਪੱਤਰ ਦਿੱਤਾ ਗਿਆ

ਰਾਏਕੋਟ (ਗੁਰਭਿੰਦਰ ਗੁਰੀ) ਪੰਜਾਬ ਸਰਕਾਰ ਵੱਲੋਂ ਵੱਲੋਂ ਤਿੰਨ ਪੱਤਰਕਾਰਾਂ ਅਤੇ ਕੁੱਝ ਹੋਰ ਸਮਾਜਿਕ ਕਾਰਕੁੰਨਾਂ ਸਮੇਤ 10 ਲੋਕਾਂ ਤੇ ਦਰਜ ਕੀਤੇ ਪਰਚੇ ਦੇ ਵਿਰੋਧ ਵਿੱਚ ਅੱਜ ਪ੍ਰੈਸ ਕਲੱਬ ਰਾਏਕੋਟ ਵੱਲੋਂ ਪ੍ਰਧਾਨ ਸੰਜੀਵ ਕੁਮਾਰ ਭੱਲਾ ਦੀ ਅਗਵਾਈ ਹੇਠ ਸਥਾਨਕ ਐਸਡੀਐਮ ਦਫਤਰ ਸਾਹਮਣੇ ਰੋਸ ਪ੍ਰਦਰਸ਼ਨ ਕਰਨ ਉਪਰੰਤ ਮੁੱਖ ਮੰਤਰੀ ਪੰਜਾਬ ਦਾ ਪੁਤਲਾ ਫੂਕਿਆ ਗਿਆ। ਜਿਸ ਤੋਂ ਬਾਅਦ ਐਸਡੀਐਮ ਰਾਏਕੋਟ ਨੂੰ ਪਰਚਾ ਰੱਦ ਕਰਨ ਸਬੰਧੀ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਹਮਖਿਆਲੀ ਜਥੇਬੰਦੀਆਂ ਦੇ ਆਗੂ ਅਤੇ ਮੋਹਤਬਰ ਆਗੂ ਹਾਜ਼ਰ ਸਨ। ਇਸ ਮੌਕੇ ਸਮੂਹ ਪੱਤਰਕਾਰ ਭਾਈਚਾਰੇ ਅਤੇ ਜਥੇਬੰਦਕ ਆਗੂਆਂ ਵੱਲੋਂ ਪੰਜਾਬ ਸਰਕਾਰ ਦੀ ਇਸ ਕਾਰਵਾਈ ਨੂੰ ਨਿੰਦਣਯੋਗ ਕਿਹਾ ਅਤੇ ਤੁਰੰਤ ਪੱਤਰਕਾਰਾਂ ਤੇ ਕੀਤੇ ਪਰਚੇ ਤੁਰੰਤ ਰੱਦ ਕਰਨ ਦੀ ਮੰਗ ਕੀਤੀ। ਇਸ ਮੌਕੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ ਪੰਜਾਬ ਸਰਕਾਰ ਦਾ ਪੁਤਲਾ ਵੀ ਸਾੜਿਆ ਗਿਆ। ਇਸ ਮੌਕੇ ਸੀਨੀਅਰ ਪੱਤਰਕਾਰ ਰਾਮ ਗੋਪਾਲ ਰਾਏਕੋਟੀ ਅਤੇ ਪ੍ਰਧਾਨ ਸੰਜੀਵ ਕੁਮਾਰ ਭੱਲਾ ਨੇ ਕਿਹਾ ਕਿ ਪੰਜਾਬ ਸਰਕਾਰ ਪੱਤਰਕਾਰਾਂ ਤੇ ਝੂਠੇ ਮੁਕਦਮੇ ਦਰਜ ਕਰਕੇ ਸੱਚ ਦੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ। ਉਨਾਂ ਕਿਹਾ ਕਿ ਭਗਵੰਤ ਮਾਨ ਉਹੀ ਮੁੱਖ ਮੰਤਰੀ ਹੈ ਜਦ ਇਹ ਵਿਰੋਧੀ ਧਿਰ ਵਿੱਚ ਹੁੰਦੇ ਹੋਏ ਆਮ ਲੋਕਾਂ ਨੂੰ ਸਰਕਾਰ ਤੋਂ ਸਵਾਲ ਕਰਨ ਦੀ ਮੰਗ ਕਰਦਾ ਹੁੰਦਾ ਸੀ, ਲੇਕਿਨ ਅੱਜ ਜਦ ਪੱਤਰਕਾਰ ਇਸ ਤੋਂ ਸਵਾਲ ਪੁੱਛ ਰਹੇ ਹਨ ਤਾਂ ਇਹ ਉਹਨਾਂ 'ਤੇ ਪਰਚੇ ਦਰਜ ਕਰਕੇ ਮੀਡੀਆ ਦੀ ਆਵਾਜ਼ ਬੰਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਸਰਕਾਰ ਦੀਆਂ ਇਹ ਦਮਨਕਾਰੀ ਨੀਤੀਆਂ

ਪੱਤਰਕਾਰਾਂ ਦੀ ਆਵਾਜ਼ ਨੂੰ ਦਬਾ ਨਹੀਂ ਸਕਣਗੀਆਂ। ਉਹਨਾਂ ਮੰਗ ਕੀਤੀ ਕਿ ਪੱਤਰਕਾਰਾਂ ਤੇ ਕੀਤੇ ਝੂਠੇ ਮੁਕਦਮੇ ਤੁਰੰਤ ਰੱਦ ਕੀਤੇ ਜਾਣ ਨਹੀਂ ਤਾਂ ਇਹ ਸੰਘਰਸ਼ ਹੋਰ ਵੀ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਪੰਜਾਬ ਕਿਸਾਨ ਸਭਾ ਦੇ ਸੂਬਾ ਸਕੱਤਰ ਕਾਮਰੇਡ ਬਲਜੀਤ ਸਿੰਘ ਅਤੇ ਕਿਸਾਨ ਆਗੂ ਹਰਬਖਸ਼ੀਸ਼ ਸਿੰਘ ਚੱਕ ਭਾਈਕਾ ਨੇ ਕਿਹਾ ਕਿ ਸਰਕਾਰ ਪੱਤਰਕਾਰਾਂ ਤੇ ਝੂਠੇ ਮੁਕਦਮੇ ਦਰਜ ਕਰਕੇ ਸੱਚ ਦੀ ਆਵਾਜ਼ ਨੂੰ ਦਬਾ ਨਹੀਂ ਸਕੇਗੀ ਜੇਕਰ ਸਰਕਾਰ ਅਜਿਹਾ ਕਰਦੀ ਹੈ ਤਾਂ ਇਹ ਸੰਘਰਸ਼ ਲੋਕ ਸੰਘਰਸ਼ ਵਿੱਚ ਬਦਲ ਜਾਵੇਗਾ। ਮੰਗ ਪੱਤਰ ਲੈਣ ਉਪਰੰਤ ਐਸਡੀਐਮ ਰਾਏਕੋਟ ਮੈਡਮ ਪਾਇਲ ਗੋਇਲ ਨੇ ਪੱਤਰਕਾਰਾਂ ਨੂੰ ਭਰੋਸਾ ਦਵਾਇਆ ਕਿ ਉਹ ਇਸ ਪੱਤਰ ਨੂੰ ਸਰਕਾਰ ਤੱਕ ਪਹੁੰਚਦਾ ਕਰ ਦੇਣਗੇ। ਇਸ ਮੌਕੇ ਆਰਜੀ ਰਾਏਕੋਟੀ, ਸੁਸ਼ੀਲ ਕੁਮਾਰ, ਰਘਵੀਰ ਸਿੰਘ ਜੱਗਾ, ਗੁਰਭਿੰਦਰ ਗੁਰੀ.ਆਤਮਾ ਸਿੰਘ ਲੋਹਟਬੱਦੀ, ਇਕਬਾਲ ਸਿੰਘ ਗੁਲਾਬ, ਪ੍ਰਵੀਨ ਅੱਗਰਵਾਲ, ਸੁਸ਼ੀਲ ਵਰਮਾਂ, ਗੁਰਭਿੰਦਰ ਗੁਰੀ, ਸ਼ਮਸ਼ੇਰ ਸਿੰਘ, ਨਾਮਪ੍ਰੀਤ ਸਿੰਘ ਗੋਗੀ, ਜਸਵੰਤ ਸਿੰਘ ਸਿੱਧੂ, ਬਿੱਟੂ ਹਲਵਾਰਾ, ਗੁਰਜੀਤ ਸਿੰਘ ਬਾਬੂ, ਅਮਿਤ ਪਾਸੀ, ਮੁਹੰਮਦ ਇਮਰਾਨ, ਜਗਪਾਲ ਸਿੰਘ ਸਿਵੀਆਂ, ਅਮਰਜੀਤ ਸਿੰਘ ਸੁਧਾਰ, ਬਲਜੀਤ ਸਿੰਘ ਗਰੇਵਾਲ, ਹਰਬਖਸੀਸ਼ ਸਿੰਘ ਕਿਸਾਨ ਆਗੂ, ਰਾਜਨ ਸਿੰਘ, ਜਗਪਾਲ ਸਿੰਘ, ਭਾਜਪਾ ਆਗੂ ਸ਼ੀਤਲ ਪ੍ਰਕਾਸ਼, ਬਸਪਾ ਆਗੂ ਸੁਰਿੰਦਰ ਸਿੰਘ ਪੱਪੀ ਸਪਰਾ, ਇੰਦਰਪਾਲ ਸਿੰਘ ਗੋਲਡੀ, ਹਰਬੰਸ ਸਿੰਘ ਹਾਂਸ, ਨੰਬਰਦਾਰ ਸੁਰਿੰਦਰ ਸਿੰਘ ਸੀਲੋਆਣੀ, ਮੁਲਾਜ਼ਮ ਆਗੂ ਜੰਗਪਾਲ ਸਿੰਘ, ਰਾਜਮਿੰਦਰਪਾਲ ਸਿੰਘ ਪਰਮਾਰ, ਮਾਸਟਰ ਰਾਜਨ ਸਿੰਘ, ਸੁਖਦੀਪ ਸਿੰਘ, ਹਰਬਖਸ਼ੀਸ਼ ਸਿੰਘ ਚੱਕ ਭਾਈਕਾ ਬੀਕੇਯੂ ਮੀਤ ਪ੍ਰਧਾਨ ਬੀਕੇਯੂ ਡਕੌਂਦਾ, ਅਮਰੀਕ ਸਿੰਘ ਹਲਵਾਰਾ ਬਲਾਕ ਪ੍ਰਧਾਨ ਸੁਧਾਰ, ਬਲਾਕ ਪ੍ਰਧਾਨ ਰਣਧੀਰ ਸਿੰਘ ਬੱਸੀਆ, ਮੁਹੰਮਦ ਅਖਤਰ ਜੁਬੇਰੀ, ਸੰਦੀਪ ਸਿੰਘ ਸੋਨੀ ਬਾਬਾ, ਗੁਰਮੀਤ ਸਿੰਘ ਤਲਵੰਡੀ ਹਰਪਾਲ ਸਿੰਘ ਭੈਣੀ ਸੁਖਚੈਨ ਸਿੰਘ ਮਹਿੰਦਰ ਸਿੰਘ ਹੈਪੀ ਸਿੰਘ ਜਸਵੰਤ ਸਿੰਘ ਸ਼ਿਆਮ ਸਿੰਘ ਬਾਬਾ ਨਛੱਤਰ ਸਿੰਘ ਗਰੇਵਾਲ ਲਾਲਜੀਤ ਸਿੰਘ ਸੁਖਦੀਪ ਸਿੰਘ ਸਮੇਤ ਹੋਰ ਕਈ ਹਾਜ਼ਰ ਸਨ।

ਭਗਵੰਤ ਮਾਨ ਹਾਜ਼ਰ ਹੋ !

ਲੀਡਰਾਂ ਦੀ ਤਕਦੀਰ ਵਿੱਚ ਹੀ ਲਿਖਿਆ ਹੁੰਦਾ,ਜਾਲ ਇਨ੍ਹਾਂ ਨੂੰ ਬੁਣਨੇ ਪੈਂਦੇ। ਜਿਹੜੇ ਹੋਕਰੇ ਵਿਰੋਧੀਆਂ ਨੂੰ ਮਾਰੇ, ਫਿਰ ਆਪ ਨੂੰ ਸੁਣਨੇ ਪੈਂਦੇ। ਮਖੌਲੀਏ ਤੋਂ ਬਣਿਆ ਮੁੱਖ ਮੰਤਰੀ, ਬੜੀਆਂ ਮੁਸ਼ਕਿਲ ਘੜੀਆਂ ਵਿਚੋਂ ਲੰਘੇ।

ਭਗਵੰਤ ਮਾਨ ਹਾਜ਼ਰ ਹੋ..... !

ਜਿਹੜੇ ਸਾਡੀ ਕਸਵੱਟੀ ਉੱਤੇ ਠੀਕ ਨ੍ਹੀਂ ਉਤਰਦੇ, ਜਾਂਦੇ ਸੂਲ਼ੀ ਟੰਗੇ। ਅਗਲੀਆਂ ਚੋਣਾਂ ਦਾ ਵਕਤ ਆ ਰਿਹਾ, ਪੈ ਰਹੇ ਕਈ ਪੰਗੇ। ਮੁਫਤ ਦੀਆਂ ਰਿਆਇਤਾਂ ਲੈ ਲੈ ਕੇ, ਲੋਕੀ ਹੋ ਗਏ ਲਫੰਗੇ। ਆਰਥਿਕਤਾ ਦੀ ਜਾਨ ਨਿਕਲ ਨਿਕਲ ਜਾਵੇ, ਕਈ ਕੰਮ ਹੋ ਜਾਂਦੇ ਬੇਢੰਗੇ।

ਭਗਵੰਤ ਮਾਨ ਹਾਜ਼ਰ ਹੋ.....!

ਹੁਣ ਤਾਂ, ਅੱਗੇ ਖੂਹ, ਪਿੱਛੇ ਖਾਈ, ਵਾਲੀ ਹਾਲਤ ਬਣ ਗਈ, ਕੁਰਸੀ ਨੂੰ ਹੱਥ ਪਾਈ ਬੈਠੇ। ਮੁਕਾਬਲਾ ਸਖ਼ਤ ਹੋ ਰਿਹਾ,ਸਿਰ-ਧੜ ਦੀ ਬਾਜ਼ੀ ਲਾਈ ਬੈਠੇ। ਪੱਤਰਕਾਰ ਵੀ ਹੱਥ ਧੋ ਕੇ ਪਿੱਛੇ ਪੈ ਗਏ।

ਭਗਵੰਤ ਮਾਨ ਹਾਜ਼ਰ ਹੋ.....!

ਜਿਨ੍ਹਾਂ ਨੂੰ ਖਵਾਉਂਦੇ ਰਹੇ, ਉਹੀ ਵਿਰੋਧੀ ਬਣੀ ਜਾਂਦੇ। ਮਾਲ-ਭੱਤਾ ਖਾ ਖਾਕੇ, ਸਾਡੇ ਲਈ ਕਰੋਪੀ ਬਣੀ ਜਾਂਦੇ। ਪੱਤਰਕਾਰ ਬੋਲ ਡੋਗ ਵਾਂਗੂ ਚੁਕੰਨੇ ਹੋਏ ਫਿਰਦੇ ਥਾਂ ਥਾਂ ਮੇਰੀ ਝੰਡ ਕਰੀ ਜਾਂਦੇ।

ਭਗਵੰਤ ਮਾਨ ਹਾਜ਼ਰ ਹੋ.....!

ਸ਼੍ਰੋਮਣੀ ਕਮੇਟੀ ਵਾਲੇ ਵੀ, ਲੋਟ ਨ੍ਹੀਂ ਆਉਂਦੇ। ਪਤਿਤ ਕਹਿ ਕੇ, ਤਨਖਾਹੀਆ ਬਣਾਉਣ ਨੂੰ, ਤਤਪਰ ਰਹਿੰਦੇ। 2015 ਬਰਗਾੜੀ ਵਾਲੇ ਕੇਸ ਵਿੱਚ, ਰਾਮ ਰਹੀਮ ਦੀ, ਕਿਉਂ ਨਹੀਂ ਕੀਤੀ ਗ੍ਰਿਫਤਾਰੀ। 2017 ਮੋੜਾਂ ਵਾਲੇ ਕੇਸ ਵਿੱਚ ਵੀ ਢਿੱਲ ਗੁਜ਼ਾਰੀ ਕੀਤੀ ਨ੍ਹੀਂ ਸਮਝਦਾਰੀ। ਭੁੱਲਰ ਨਿਲੰਬਤ ਏਡੀਜੀਪੀ ਦੀ ਪਟੀਸ਼ਨ ਤੇ ਢਿੱਲ ਦੇ ਕੇ ਕੀਤੀ ਤਰਫਦਾਰੀ। ਅਸਾਸਿਆਂ ਤੋਂ ਵੱਧ ਜਾਇਦਾਦ ਹੈ ਨਿਕਲੀ ਕਿਉਂ ਸੀ ਢਿਲ ਗੁਜ਼ਾਰੀ। ਪੱਤਰਕਾਰ ਯੂਨੀਅਨ ਕਹਿੰਦੀ ਸੱਚ ਨੂੰ ਸਾਹਮਣੇ ਕਿਉਂ ਨ੍ਹੀਂ ਲਿਆਉਂਦੇ ਸਾਡੀ ਹੋਈ ਖੱਜਲ ਖੁਆਰੀ।

ਭਗਵੰਤ ਮਾਨ ਹਾਜ਼ਰ ਹੋ.....!

ਡਰ ਮੂਹਰੇ ਭੂਤ ਨੱਚਦੇ, ਰਾਜਸੀ ਲੋਕਾਂ ਦੀ ਸੂਰਤ ਟਿਕਾਣੇ ਆਉਂਦੀ। ਰਿਆਇਤਾਂ ਦਿਓ ਸੰਭਲ ਕੇ, ਇਹੀ ਚੱਜ ਸਿਖਾਉਂਦੀ। ਵਿਗਡੈਲ ਨਸ਼ੇ ਵੇਚਣ ਵਾਲਿਆਂ ਨੂੰ ਨੱਥ ਪਾਓ ਸਿਆਣਪ ਇਹੀ ਕਹਿੰਦੀ। ਕੰਧ ਤੇ ਲਿਖਿਆ ਪੜ੍ਹੋ, ਪੱਤਰਕਾਰਾਂ ਦੀ ਮੰਨਣੀ ਪੈਂਦੀ।

ਭਗਵੰਤ ਮਾਨ ਹਾਜ਼ਰ ਹੋ.....!



ਅਮਰਜੀਤ ਸਿੰਘ ਤੂਰ
ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ ਬ੍ਰਿਸਬੇਨ, ਆਸਟ੍ਰੇਲੀਆ
ਫੋਨ ਨੰਬਰ :
9878469639

ਪੁਸਤਕਾਂ ਦੀ ਐਡਵਰਟਾਈਜ਼ਮੈਂਟ

ਗਿਆਨ ਅਤੇ ਦਾਨ ਨਾਲ-ਨਾਲ







ਹਾਸ-ਵਿਅੰਗ ਲੇਖਕ ਭਗਵਾਨ ਸਿੰਘ ਤੱਗੜ ਦੀਆਂ ਪੁਸਤਕਾਂ ਖਰੀਦਨ ਲਈ ਈ-ਮੇਲ ਰਾਹੀਂ ਜਾਂ ਫੋਨ ਰਾਹੀਂ ਸੰਪਰਕ ਕਰੋ ਜੀ, ਪੰਜਾਬੀ ਅਤੇ ਹਿੰਦੀ ਪੁਸਤਕਾਂ ਦੀ ਕੀਮਤ £5 +ਡਾਕ ਖਰਚ ਅਤੇ ਇੰਗਲਿਸ਼ ਨਾਵਲ £7+ਡਾਕ ਖਰਚ। ਇਹ ਪੁਸਤਕਾਂ ਦਾ ਪੈਸਾ ਕੈਂਸਰ ਅਤੇ ਅੱਖਾਂ ਦੀ ਚੇਰੀਟੀ ਨੂੰ ਭੇਜਿਆ ਜਵੇਗਾ।

ਭਿਖਾਰੀ ਯੂਨੀਅਨ	ਪੰਜਾਬੀ ਹਾਸ ਵਿਅੰਗ	£5
ਮੂਰਖਾਂ ਦੀ ਮਹਿਫਿਲ	ਪੰਜਾਬੀ ਹਾਸ ਵਿਅੰਗ	£5
ਇਕ ਗਧੇ ਨਾਲ ਮੁਲਾਕਾਤ	ਪੰਜਾਬੀ ਹਾਸ ਵਿਅੰਗ	£5
ਜਵਾਲਾਮੁਖੀ	ਪੰਜਾਬੀ ਨਾਵਲ	£5
ਫਲੈਟ ਤੋਂ ਫਲੈਟ ਤੱਕ	ਪੰਜਾਬੀ ਕਹਾਨੀ	£5
ਗਾਇਕ ਬੇਸੁਰਾ ਜੀ ਸੇ ਸਾਕਸ਼ਾਤਕਾਰ	ਹਿੰਦੀ ਹਾਸ ਰਸ	£5
ਅਖਿਲ ਭਾਰਤੀਅ ਖਿਚੜੀ ਸੱਮੇਲਨ	ਹਿੰਦੀ ਹਾਸ ਰਸ	£5
ਵੋਲਕੈਨੋ	ਇੰਗਲਿਸ਼ ਸੋਸ਼ਲ ਨਾਵਲ	£7
ਇਰੈਡੀਚੇਸ਼ਨ ਔਫ਼ ਈਵਲ	ਨਾਵਲ ਕਰਾਈਮ ਥਰਿਲਰ	£7

"ਭਗਉਤੀ" ਅਤੇ "ਭਗਵਾਨ" ਸ਼ਬਦ ਕਿਵੇਂ ਬਣੇ?

--ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥
ਕਹੁ ਨਾਨਕ ਹਰਿ "ਭਜੁ" ਮਨਾ ਜਿਹ ਬਿਧਿ ਜਲ ਕਉ ਮੀਨੁ॥

---ਸ੍ਰੀ ਗੁਰੂ ਤੇਗ਼ ਬਹਾਦਰ ਜੀ।

--ਭੂਖੇ "ਭਗਤਿ" ਨਾ ਕੀਜੈ॥ ਯਹ ਮਾਲਾ ਅਪਨੀ ਲੀਜੈ॥
ਹਉ ਮਾਂਗਉ ਸੰਤਨ ਰੇਨਾ॥ ਮੈ ਨਾਹੀ ਕਿਸੀ ਕਾ ਦੇਨਾ॥

---ਭਗਤ ਕਬੀਰ ਜੀ।

"ਭਗਉਤੀ" ਸ਼ਬਦ ਇੱਕ ਦੋ-ਅਰਥੀ ਸ਼ਬਦ ਹੈ ਜਿਸ ਦੇ ਅਰਥ ਹਨ: ਤਲਵਾਰ ਅਤੇ (ਦੁਰਗਾ) ਦੇਵੀ। ਕੁਝ ਲੋਕਾਂ ਦੇ ਮਨਾਂ ਵਿੱਚ ਅਜੇ ਵੀ ਇਹ ਦੁਬਿਧਾ ਬਣੀ ਹੋਈ ਹੈ ਕਿ ਇੱਕ ਹੀ ਸ਼ਬਦ ਭਗਉਤੀ ਦੇ ਇਹ ਦੋ ਅਰਥ: ਤਲਵਾਰ ਅਤੇ ਦੇਵੀ ਕਿਵੇਂ ਹੋਏ? ਇਸ ਦਾ ਕਾਰਨ ਇਹ ਹੈ ਕਿ ਭਗਤੀ/ਭਗਉਤੀ, ਭਗਵੰਤ, ਭਗਵਾਨ, ਭਜਨ ਜਾਂ ਭਗਤ ਆਦਿ ਸਾਰੇ ਸ਼ਬਦ ਸੰਸਕ੍ਰਿਤ ਦੇ ਇੱਕ ਹੀ ਮੂਲ ਸ਼ਬਦ "ਭਜ" ਤੋਂ ਬਣੇ ਹੋਏ ਹਨ। ਭਜ ਸ਼ਬਦ ਦਾ ਇਕ ਅਰਥ ਹੈ- ਪਰਮਾਤਮਾ ਜਾਂ ਆਪਣੇ ਇਸ਼ਟ ਦੇ ਨਾਮ ਦਾ ਸਿਮਰਨ ਜਾਂ ਜਾਪ ਕਰਨਾ, ਉਸ ਦੀ ਸਿਫ਼ਤ-ਸਲਾਹ ਕਰਨੀ। ਭਜ ਸ਼ਬਦ ਦੇ ਮੂਲ ਰੂਪ ਵਿੱਚ ਦੋ ਅਰਥ ਹਨ: ਪਹਿਲਾ ਉਪਰੋਕਤ ਅਨੁਸਾਰ ਆਪਣੇ ਇਸ਼ਟ ਦੀ ਪੂਜਾ ਜਾਂ ਅਰਾਧਨਾ ਕਰਨੀ ਅਤੇ ਦੂਜਾ: ਟੋਟੇ ਕਰਨੇ ਜਾਂ ਖੰਡਿਤ ਕਰਨਾ। ਇਸ ਦੇ ਪਹਿਲੇ ਅਰਥ ਭਗਵਤੀ (ਦੇਵੀ) ਸ਼ਬਦ ਵਿੱਚ ਤਾਂ ਪੂਜਾ ਜਾਂ ਅਰਾਧਨਾ ਦੇ ਅਰਥ ਹਨ ਪਰ ਇਸ ਦੇ ਦੂਜੇ ਅਰਥ: ਟੋਟੇ ਜਾਂ ਖੰਡਿਤ ਕਰਨ ਵਾਲ਼ਾ/ਵਾਲ਼ੀ ਹਨ ਜਿਸ ਤੋਂ ਕਿਰਪਾਨ ਜਾਂ ਤਲਵਾਰ ਦੇ ਅਰਥਾਂ ਵਾਲ਼ਾ ਸ਼ਬਦ "ਭਗਵਤੀ" ਬਣਿਆ ਹੈ। ਦੁਖਭੰਜਨ (ਦੁੱਖਾਂ ਦਾ ਨਾਸ ਕਰਨ ਵਾਲ਼ਾ/ਦੁੱਖ ਮਿਟਾਉਣ ਵਾਲ਼ਾ), ਦੁਖਭੰਜਨੀ (ਬੇਰੀ) ਅਤੇ ਦਲਭੰਜਨ (ਦਲਭੰਜਨ ਗੁਰੂ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ: ਭਾਈ ਗੁਰਦਾਸ ਜੀ) ਸ਼ਬਦ ਵੀ ਇਸੇ "ਭਜ" ਸ਼ਬਦ ਤੋਂ ਹੀ ਬਣੇ ਹੋਏ ਹਨ।

ਸੰਸਕ੍ਰਿਤ-ਕੋਸ਼ਾਂ ਅਨੁਸਾਰ ਭਜ (भज्) ਸ਼ਬਦ ਵਿੱਚ ਸੰਸਕ੍ਰਿਤ ਦਾ ਕ੍ਤ (क्+त) ਸ਼ਬਦ ਜੋੜਨ ਨਾਲ਼ ਬਣਦਾ ਹੈ: ਭਜ੍+ਕ੍ਤ= ਭਕ੍ਤ (भक्त) ਜਿਸ ਦਾ ਪੰਜਾਬੀ ਵਿੱਚ ਉਚਾਰਨ "ਭਗਤ" ਹੈ। ਇੱਥੇ ਭਜ੍ ਦੀ ਜ੍ ਧੁਨੀ ਕ੍ ਧੁਨੀ ਵਿੱਚ ਸਮਾ ਗਈ ਹੈ ਜਿਸ ਕਾਰਨ ਇੱਥੇ ਇਹ ਦੋਵੇਂ ਧੁਨੀਆਂ ਰਲ਼ ਕੇ ਕੇਵਲ ਕ੍ ਧੁਨੀ ਨੂੰ ਹੀ ਪ੍ਰਗਟ ਕਰ ਰਹੀਆਂ ਹਨ। ਪੰਜਾਬੀ ਵਿੱਚ ਆ ਕੇ ਇਹੋ ਕ੍ ਧੁਨੀ ਗ ਧੁਨੀ (ਭਗਤ) ਵਿੱਚ ਬਦਲ ਜਾਂਦੀ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਹਿੰਦੀ/ਸੰਸਕ੍ਰਿਤ ਭਾਸ਼ਾਵਾਂ ਦਾ ਤਤਸਮ ਸ਼ਬਦ ਪ੍ਰਕਟ (प्रकट) ਪੰਜਾਬੀ ਵਿੱਚ ਆ ਕੇ ਤਦਭਵ ਸ਼ਬਦ "ਪ੍ਰਗਟ" ਦਾ ਰੂਪ ਧਾਰ ਲੈਂਦਾ ਹੈ। ਇਸ ਪ੍ਰਕਾਰ ਹਿੰਦੀ/ਸੰਸਕ੍ਰਿਤ ਭਾਸ਼ਾਵਾਂ ਦੇ ਭਕ੍ਤ ਸ਼ਬਦ ਤੋਂ ਬਣਿਆ ਹੋਇਆ "ਭਗਤ" ਪੰਜਾਬੀ ਦਾ ਇੱਕ ਤਦਭਵ ਸ਼ਬਦ ਹੈ ਜਿਸ ਦੇ ਉਪਰੋਕਤ ਅਨੁਸਾਰ ਅਰਥ ਹਨ- ਆਪਣੇ ਇਸ਼ਟ ਦੀ ਪੂਜਾ, ਅਰਾਧਨਾ ਜਾਂ ਸਿਫ਼ਤ-ਸਲਾਹ ਕਰਨ ਵਾਲ਼ਾ ਵਿਅਕਤੀ। ਇਸੇ ਪਰੰਪਰਾ ਵਿੱਚ ਢਲ਼ ਕੇ ਹੀ ਸੰਸਕ੍ਰਿਤ ਮੂਲ ਵਾਲ਼ੇ ਭਜ ਸ਼ਬਦ ਤੋਂ ਹਿੰਦੀ/ਸੰਸਕ੍ਰਿਤ ਭਾਸ਼ਾਵਾਂ ਦਾ ਭਗਵਤੀ (ਭਜ+ਕ੍ਤ+ ਵਤੀ) ਸ਼ਬਦ ਬਣਿਆ ਹੈ ਜਿਸ ਦੇ ਅਰਥ ਹਨ- ਜਿਸ (ਦੇਵੀ) ਦੀ ਪੂਜਾ ਜਾਂ ਅਰਾਧਨਾ ਕੀਤੀ ਜਾਵੇ।ਇਹ ਭਗਵਤੀ ਸ਼ਬਦ ਹੀ ਪੰਜਾਬੀ ਵਿੱਚ ਆ ਕੇ "ਭਗਉਤੀ" ਸ਼ਬਦ ਦਾ ਰੂਪ ਧਾਰਨ ਕਰ ਗਿਆ ਹੈ। ਇਸ ਲਈ ਪੰਜਾਬੀ ਦੇ ਇਸ ਭਗਉਤੀ ਸ਼ਬਦ ਨੂੰ ਸੰਸਕ੍ਰਿਤ ਦੇ ਭਗਵਤੀ ਸ਼ਬਦ ਦਾ ਤਦਭਵ ਰੂਪ ਵੀ ਆਖਿਆ ਜਾ ਸਕਦਾ ਹੈ। ਮੂਲ ਸ਼ਬਦ ਭਗਵਤੀ ਵਿੱਚ ਵਰਤੇ ਗਏ ਪਿਛੇਤਰ "ਵਤੀ" ਦੇ ਅਰਥ ਹਨ- ਵਾਲ਼ੀ ਅਰਥਾਤ ਜਿਸ ਦੀ ਅਰਾਧਨਾ ਕੀਤੀ ਜਾਵੇ। ਇਸੇ ਤਰ੍ਹਾਂ ਭਗਵਾਨ ਸ਼ਬਦ ਦੇ ਪਿੱਛੇ ਲੱਗੇ ਪਿਛੇਤਰ ਵਾਨ ਦੇ ਅਰਥ ਵੀ "ਵਾਲ਼ਾ" ਹੀ ਹਨ। ਇਸ ਪ੍ਰਕਾਰ ਭਗਵਤੀ ਸ਼ਬਦ ਵਾਂਗ "ਭਗਵਾਨ" ਸ਼ਬਦ ਦੇ ਅਰਥ ਵੀ "ਜਿਸ ਦੀ ਪੂਜਾ ਕੀਤੀ ਜਾਵੇ" ਵਾਲ਼ੇ ਹੀ ਹਨ। ਇਹਨਾਂ ਵਿੱਚੋਂ ਪਹਿਲੇ ਪਿਛੇਤਰ ਵਤੀ ਨਾਲ਼ "ਇਸਤਰੀ ਲਿੰਗ" ਦਾ ਬੋਧ ਕਰਵਾਉਣ ਵਾਲ਼ੇ ਸ਼ਬਦ: ਭਗਵਤੀ, ਪਦਮਵਤੀ ਆਦਿ ਬਣਦੇ ਹਨ ਅਤੇ ਦੂਜੇ ਪਿਛੇਤਰ ਵਾਨ ਨਾਲ਼ ਪੁਲਿੰਗ ਦੇ ਅਰਥਾਂ ਵਾਲ਼ੇ: ਭਗਵਾਨ, ਰਥਵਾਨ, ਵਿਦਵਾਨ , ਗੁਣਵਾਨ ਆਦਿ।

ਜਿੱਥੋਂ ਤੱਕ ਉਪਰੋਕਤ ਸ਼ਬਦਾਂ; ਭਜ ਤੋਂ ਬਣੇ ਭਗਤ, ਭਗਵਤੀ ਅਤੇ ਭਗਵਾਨ ਵਿੱਚ ਜ ਅਤੇ ਗ ਅੱਖਰਾਂ ਦੀ ਆਪਸੀ ਤਬਦੀਲੀ ਦਾ ਸੰਬੰਧ ਹੈ, ਇਸ ਦੇ ਮੁੱਖ ਤੌਰ 'ਤੇ ਦੋ ਕਾਰਨ ਹੋ ਸਕਦੇ ਹਨ। ਪਹਿਲਾ ਹੈ, ਸ਼ਬਦ ਦੇ ਉਚਾਰਨ ਵਿੱਚ ਸੁਖੈਨਤਾ ਅਤੇ ਰਵਾਨੀ ਲਿਆਉਣਾ ਅਤੇ ਦੂਜਾ, ਕਿਸੇ ਕਿਸਮ ਦੀ ਅਸ਼ਿਸ਼ਟਤਾ ਜਾਂ ਫੂਹੜਤਾ ਆਦਿ ਤੋਂ ਬਚਣਾ। ਸ਼ਾਇਦ ਇਸੇ ਕਾਰਨ ਹੀ ਭਜ ਸ਼ਬਦ ਨੂੰ ਤਾਂ ਜ ਅੱਖਰ ਨਾਲ਼ ਲਿਖਿਆ ਜਾਂਦਾ ਹੈ ਪਰ ਭਗਵਤੀ ਅਤੇ ਭਗਵਾਨ ਆਦਿ ਸ਼ਬਦਾਂ ਨੂੰ ਗ ਅੱਖਰ ਨਾਲ਼। ਇਸੇ ਲਈ ਹਿੰਦੀ/ਸੰਸਕ੍ਰਿਤ ਭਾਸ਼ਾਵਾਂ ਵਿੱਚ ਭਜ ਤੋਂ ਬਣੇ ਭਗਤ ਜਾਂ ਭਗਤੀ ਸ਼ਬਦ ਨੂੰ ਅੱਧੇ ਕ੍ ਅੱਖਰ ਨਾਲ਼ ਭਗਤ (भक्त) ਜਾਂ ਭਗਤੀ (भक्ति) ਲਿਖਿਆ ਜਾਂਦਾ ਹੈ।

ਜਿੱਥੋਂ ਤੱਕ ਹਿੰਦੀ/ਪੰਜਾਬੀ ਸ਼ਬਦਾਵਲੀ ਵਿੱਚ ਗ ਅਤੇ ਜ ਅੱਖਰਾਂ ਦੀ ਆਪਸੀ ਤਬਦੀਲੀ ਦੀ ਵਜ੍ਹਾ ਹੈ, ਇਸ ਦਾ ਕਾਰਨ ਇਹ ਹੈ ਕਿ ਇਹਨਾਂ ਭਾਸ਼ਾਵਾਂ ਵਿੱਚ ਇਹ ਇੱਕ ਸਹਿਜ ਵਰਤਾਰਾ ਹੈ। ਗ ਅਤੇ ਜ ਅੱਖਰਾਂ ਦੀ ਆਪਸੀ ਤਬਦੀਲੀ ਨੂੰ ਇਹਨਾਂ ਦੇ ਉਪਰੋਕਤ ਦੋ-ਦੋ ਅਰਥਾਂ ਸਹਿਤ ਹੋਰ ਵੀ ਬਹੁਤ ਸਾਰੇ ਸ਼ਬਦਾਂ ਵਿੱਚ ਦੇਖਿਆ ਜਾ ਸਕਦਾ ਹੈ। ਇਸ ਦਾ ਇੱਕ ਵੱਡਾ ਕਾਰਨ ਇਹਨਾਂ ਅੱਖਰਾਂ ਦੇ ਅਰਥਾਂ ਦੀ ਸਾਂਝ ਹੀ ਹੈ ਕਿਉਂਕਿ ਇਹਨਾਂ ਦੇ ਦੋ ਅਰਥ ਆਪਸ ਵਿੱਚ ਸਾਂਝੇ ਹਨ। ਪਹਿਲਾ ਹੈ "ਜਾਣਾ" ਅਤੇ ਦੂਜਾ "ਗਿਆਨ"। ਮਿਸਾਲ ਦੇ ਤੌਰ 'ਤੇ ਜੇਕਰ ਇਹਨਾਂ ਅੱਖਰਾਂ ਦੇ ਪਹਿਲੇ ਅਰਥ- 'ਜਾਣਾ' ਅਨੁਸਾਰ ਦੇਖਿਆ ਜਾਵੇ ਤਾਂ ਦੋ ਸ਼ਬਦਾਂ ਵਾਲ਼ੇ ਭੱਜ-ਦੌੜ ਤੋਂ ਬਣੇ ਸ਼ਬਦ ਨੂੰ ਪੰਜਾਬੀ ਵਿੱਚ ਜ ਅੱਖਰ ਨਾਲ਼ ਤਾਂ ਭੱਜ ਜਾਂ ਭਾਜੜ ਪਰ ਹਿੰਦੀ ਵਿੱਚ "ਭਾਗ-ਦੌੜ" (भाग-दौड़) ਤੋਂ ਬਣੇ ਸ਼ਬਦ ਨੂੰ ਗ ਅੱਖਰ ਨਾਲ਼ ਭਾਗਨਾ (भागना) ਜਾਂ ਭਗਦੜ (भगदड़) ਲਿਖਿਆ ਜਾਂਦਾ ਹੈ। ਇਸੇ ਤਰ੍ਹਾਂ ਇਹਨਾਂ ਹੀ ਅਰਥਾਂ ਵਾਲ਼ੇ ਜ ਅੱਖਰ ਨਾਲ਼ ਬਣੇ "ਜਾਂਦਾ" ਸ਼ਬਦ ਨੂੰ ਤਾਂ ਅਸੀਂ ਜ ਅੱਖਰ ਨਾਲ਼ ਲਿਖਦੇ ਹਾਂ ਪਰ ਇਸ ਦੇ ਭੂਤ-ਕਾਲੀ ਰੂਪ ਨੂੰ "ਗਿਆ" ਅਰਥਾਤ ਜ ਦੀ ਥਾਂ ਗ ਅੱਖਰ ਨਾਲ਼ ਲਿਖਦੇ ਹਾਂ। ਇਸੇ ਦੇ ਭਵਿਖਵਾਚੀ ਰੂਪ: "ਜਾਵੇਗਾ" ਵਿੱਚ ਇਹ ਦੋਵੇਂ ਅੱਖਰ ਇਹਨਾਂ ਹੀ ਅਰਥਾਂ ਨਾਲ਼ ਇਕੱਠੇ ਹੋ ਜਾਂਦੇ ਹਨ। ਇਸੇ ਤਰ੍ਹਾਂ ਆਵਾਗਵਣ (ਆਉਣਾ ਅਤੇ ਜਾਣਾ) ਅਤੇ ਸੁਆਗਤ (ਸੁ+ਆਗਤ) ਸ਼ਬਦ ਵੀ ਗ ਅੱਖਰ ਨਾਲ਼ ਹੀ ਲਿਖੇ ਜਾਂਦੇ ਹਨ। ਕਿਸੇ ਦੇ ਸੁਆਗਤ ਲਈ ਵਰਤਿਆ ਜਾਣ ਵਾਲ਼ਾ ਸ਼ਬਦ "ਆਉ-ਭਗਤ" ਵੀ ਗ ਅੱਖਰ ਦੇ ਇਹਨਾਂ ਹੀ ਅਰਥਾਂ ਨਾਲ਼ ਹੀ ਬਣਿਆ ਹੋਇਆ ਹੈ। ਉਪਰੋਕਤ ਅਨੁਸਾਰ ਅਸੀਂ ਦੇਖਦੇ ਹਾਂ ਕਿ ਸਾਡੇ ਮੋਢੀ ਸ਼ਬਦਕਾਰ ਸ਼ਬਦ ਘੜਨ ਸਮੇਂ ਕੇਵਲ ਧੁਨੀਆਂ ਜਾਂ ਸ਼ਬਦਾਂ ਦੇ ਅਰਥਾਂ ਨੂੰ ਮੁੱਖ ਰੱਖਦਿਆਂ ਹੋਇਆਂ ਪੂਰੀ ਤਰ੍ਹਾਂ ਨਾਲ਼ "ਨੱਕ ਦੀ ਸੇਧੇ" ਨਹੀਂ ਗਏ ਸਗੋਂ ਉਹਨਾਂ ਨੇ ਸ਼ਬਦਾਂ ਨੂੰ ਕਿਸੇ ਕਿਸਮ ਦੀ ਅਸ਼ਿਸ਼ਟਤਾ ਜਾਂ ਫੂਹੜਪਨ ਆਦਿ ਤੋਂ ਬਚਾਉਣ ਦੇ ਨਾਲ਼-ਨਾਲ਼ ਉਹਨਾਂ ਦੇ ਉਚਾਰਨ ਸਮੇਂ ਸੰਬੰਧਿਤ ਸ਼ਬਦ ਦੀ ਖ਼ੂਬਸੂਰਤੀ ਅਤੇ ਰਵਾਨੀ ਨੂੰ ਵੀ ਧਿਆਨ ਵਿੱਚ ਰੱਖਿਆ ਹੈ। ਇਸੇ ਕਾਰਨ ਲੋੜ ਪੈਣ 'ਤੇ ਉਹਨਾਂ ਨੇ ਉਪਰੋਕਤ ਦੋਸ਼ਾਂ ਤੋਂ ਬਚਣ ਲਈ ਕੁਝ ਸਮਾਨਾਰਥਕ ਧੁਨੀਆਂ ਦੀ ਆਪਸੀ ਤਬਦੀਲੀ ਤੋਂ ਵੀ ਗੁਰੇਜ਼ ਨਹੀਂ ਕੀਤਾ। ਇਸੇ ਕਾਰਨ ਅਸੀਂ ਭਗਵਾਨ ਨੂੰ "ਭਜਵਾਨ" ਅਤੇ ਭਗਉਤੀ ਨੂੰ "ਭਜਉਤੀ" ਆਦਿ ਨਹੀਂ ਲਿਖਦੇ। "ਆਗਮਨ" (ਆ+ਗਮਨ) ਸ਼ਬਦ ਵਿੱਚ ਗ ਅੱਖਰ ਦੇ ਅਰਥ ਹਨ: ਕਿਸੇ ਥਾਂ ਤੋਂ ਚੱਲ ਕੇ ਆਉਣਾ ਜਾਂ ਇੱਕ ਥਾਂ ਤੋਂ ਦੂਜੇ ਥਾਂ ਲਈ ਗਮਨ ਕਰਨਾ (ਜਾਣਾ)। ਇਸੇ ਤਰ੍ਹਾਂ ਆਵਾਗਵਣ ਸ਼ਬਦ ਵਿੱਚ ਆਵਾ ਦੇ ਅਰਥ ਹਨ ਆਉਣਾ ਅਤੇ ਗਵਣ ਦੇ ਅਰਥ ਹਨ- ਜਾਣਾ। ਇਸ ਸ਼ਬਦ (ਆਵਾਗਵਣ) ਵਿੱਚ ਗ ਧੁਨੀ ਦੇ ਅਰਥ ਜ ਧੁਨੀ ਵਾਲ਼ੇ ਅਰਥਾਤ ਜਾਣਾ ਹੀ ਹਨ। ਇੱਥੋਂ ਤੱਕ ਕਿ ਗੌਣਾ (ਵਿਆਹ ਪਿੱਛੋਂ ਦੀ ਇੱਕ ਰਸਮ: ਗਮਨ ਤੋਂ ਬਣਿਆ) ਸ਼ਬਦ ਵਿੱਚ ਵੀ ਗ ਦੇ ਅਰਥ "ਜਾਣਾ" ਹੀ ਹਨ। ਬੇਸ਼ੱਕ ਸੰਸਕ੍ਰਿਤ ਭਾਸ਼ਾ ਦੇ ਕੁਝ ਵਿਦਵਾਨਾਂ ਅਨੁਸਾਰ ਗ ਧੁਨੀ ਦੇ "ਜਾਣਾ" ਵਾਲ਼ੇ ਅਰਥ ਸੰਸਕ੍ਰਿਤ ਭਾਸ਼ਾ ਦੇ ਸ਼ਬਦ "ਗਮਨ" ਤੋਂ ਹੀ ਆਏ ਦੱਸੇ ਗਏ ਹਨ ਪਰ ਅਸਲੀਅਤ ਇਹ ਹੈ ਕਿ ਇਸ ਦੇ ਉਲਟ ਸਗੋਂ ਗਮਨ ਸ਼ਬਦ ਵੀ ਗ ਧੁਨੀ ਦੇ "ਜਾਣਾ" ਵਾਲ਼ੇ ਅਰਥਾਂ ਨਾਲ਼ ਹੀ ਬਣਿਆ ਹੋਇਆ ਹੈ।

ਜ ਅਤੇ ਗ ਅੱਖਰਾਂ ਦੇ ਇੱਥੇ ਦੂਜੇ ਅਰਥ ਹਨ: ਗਿਆਨ। ਇਸ ਲੇਖ ਦੇ ਸਿਰਲੇਖ ਅਧੀਨ ਆਏ ਭਗਵਾਨ ਅਤੇ ਭਗਉਤੀ ਆਦਿ ਸ਼ਬਦਾਂ ਵਿੱਚ ਗ ਧੁਨੀ ਦੇ ਇੱਕ ਅਰਥ "ਗਿਆਨ" ਹੋਣ ਕਾਰਨ ਹੀ ਇਹਨਾਂ ਸ਼ਬਦਾਂ ਦੇ ਅਰਥ ਬਣੇ ਹਨ: ਜਿਸ ਨਾਲ਼ ਆਤਮਿਕ ਗਿਆਨ ਦੀ ਸਾਂਝ ਪਾਈ ਜਾਵੇ/ਜਿਸ ਨੂੰ ਜਾਣਨ ਅਤੇ ਸਮਝਣ ਦੀ ਜਿਗਿਆਸਾ ਹੋਵੇ/ ਜੋ ਮਹਾਨ ਅਰਥਾਤ ਪੂਜਣਯੋਗ ਹੋਵੇ। ਯਾਦ ਰਹੇ ਕਿ ਜਾਗ, ਜਿਗਿਆਸਾ, ਜਿਗਿਆਸੂ, ਜਾਗਰੂਕ ਅਤੇ ਜਾਗਰੂਕਤਾ ਆਦਿ ਸ਼ਬਦਾਂ ਵਿੱਚ ਕਿਸੇ ਗੱਲ ਬਾਰੇ "ਗਿਆਨ" ਹੋ ਜਾਣ ਦੇ ਅਰਥ ਹੀ ਸਮਾਏ ਹੋਏ ਹਨ। ਇਹ ਸਾਰੇ ਸ਼ਬਦ ਇੱਕ ਹੀ ਮੂਲ ਸ਼ਬਦ ਜਗ ਜਾਂ ਜਾਗ ਆਦਿ ਤੋਂ ਹੀ ਬਣੇ ਹੋਏ ਹਨ ਜਿਸ ਦੇ ਅਰਥ ਹਨ: ਸੋਝੀ ਆ ਜਾਣੀ/ਗਿਆਨ ਹੋ ਜਾਣਾ ਅਰਥਾਤ ਨੀਂਦ (ਇੱਕ ਪ੍ਰਕਾਰ ਦੀ ਅਗਿਆਨਤਾ ਦੀ ਅਵਸਥਾ) ਤੋਂ ਉਲਟ: ਸੋਮਨ/ਗਿਆਨ ਦੀ ਅਵਸਥਾ ਵਿੱਚ ਆ ਜਾਣਾ ਕਿਉਂਕਿ ਸੁੱਤਾ ਪਿਆ ਵਿਅਕਤੀ ਪੂਰੀ ਤਰ੍ਹਾਂ ਨਾਲ਼ ਅਗਿਆਨਤਾ ਦੀ ਅਵਸਥਾ ਵਿੱਚ ਹੁੰਦਾ ਹੈ, ਉਸ ਨੂੰ ਆਪਣੇ ਆਲ਼ੇ-ਦੁਆਲ਼ੇ ਦੀ ਕੋਈ ਸੋਝੀ ਨਹੀਂ ਹੁੰਦੀ। ਇਸੇ ਕਾਰਨ ਗ ਨਾਲ਼ ਬਣੇ ਗਿਆਨ ਸ਼ਬਦ ਵਿੱਚ ਤਾਂ ਗ ਅੱਖਰ ਦੀ ਵਰਤੋਂ ਕੀਤੀ ਗਈ ਹੈ ਪਰ "ਜਾਣਕਾਰੀ" ਜਾਂ "ਜਾਣਨਾ" ਆਦਿ ਸ਼ਬਦਾਂ ਵਿੱਚ ਜ ਅੱਖਰ ਦੀ। ਕ੍ਰਿਤੱਗ (ਕ੍ਰਿਤ+ਗ= ਕਿਸੇ ਦੇ ਕੀਤੇ ਨੂੰ ਜਾਣਨ ਵਾਲ਼ਾ) ਸ਼ਬਦ ਵਿੱਚ ਗ ਅੱਖਰ ਦੇ ਅਰਥ ਹਨ: ਗਿਆਨ। ਇਸੇ ਤਰ੍ਹਾਂ ਅਲਪੱਗ (ਅਲਪ+ਗ) ਸ਼ਬਦ ਵਿੱਚ ਵੀ ਅਲਪ ਸ਼ਬਦ ਦੇ ਅਰਥ ਹਨ: ਘੱਟ, ਥੋੜ੍ਹਾ ਜਾਂ ਤੁੱਛ ਅਤੇ ਗ ਦੇ ਅਰਥ ਹਨ: ਗਿਆਨ ਅਰਥਾਤ ਜਿਸ ਨੂੰ ਕਿਸੇ ਚੀਜ਼ ਬਾਰੇ ਬਹੁਤ ਥੋੜ੍ਹੀ ਜਾਂ ਕੇਵਲ ਮਾਮੂਲੀ ਜਾਣਕਾਰੀ ਹੋਵੇ।

"ਭਜ" ਸ਼ਬਦ ਦੇ ਦੂਜੇ ਅਰਥਾਂ: ਟੋਟੇ ਕਰਨਾ ਜਾਂ ਖੰਡਿਤ ਕਰਨ ਤੋਂ ਹੀ ਗਣਿਤ ਨਾਲ਼ ਸੰਬੰਧਿਤ ਸ਼ਬਦ ਭਾਗ (ਤਕਸੀਮ) ਬਣਿਆ ਹੈ ਜਿਸ ਦੇ ਅਰਥ ਹਨ- ਕਿਸੇ ਰਕਮ ਨੂੰ ਦੱਸੀ ਗਈ ਸੰਖਿਆ ਨਾਲ਼ ਵੰਡਣਾ ਅਰਥਾਤ ਉਸ ਸੰਖਿਆ ਦੇ ਟੋਟੇ ਕਰਨੇ ਜਾਂ ਉਸ ਨੂੰ ਖੰਡਿਤ ਕਰਨਾ। ਜਿਸ ਸੰਖਿਆ ਨਾਲ਼ ਕਿਸੇ ਰਕਮ ਨੂੰ ਵੰਡਿਆ ਜਾਣਾ ਹੈ: ਉਸ ਨੂੰ ਭਾਜਕ (ਵੰਡਣ ਵਾਲ਼ਾ/ਵੰਡਣ ਵਾਲ਼ੀ ਸੰਖਿਆ) ਆਖਿਆ ਜਾਂਦਾ ਹੈ ਤੇ ਇਸ ਪ੍ਰਕਿਰਿਆ ਰਾਹੀਂ ਜਿਹੜਾ ਉੱਤਰ ਪ੍ਰਾਪਤ ਹੁੰਦਾ ਹੈ, ਉਸ ਨੂੰ ਭਜਨਫਲ ਕਿਹਾ ਜਾਂਦਾ ਹੈ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਭਾਗ ਸ਼ਬਦ ਵਿੱਚ ਤਾਂ ਗ ਅੱਖਰ ਦੀ ਵਰਤੋਂ ਕੀਤੀ ਗਈ ਹੈ ਪਰ ਭਾਜਕ ਜਾਂ ਭਜਨਫਲ ਆਦਿ ਸ਼ਬਦਾਂ ਵਿੱਚ 'ਜ' ਅੱਖਰ ਦੀ। ਇਸ ਸਾਰੀ ਪ੍ਰਕਿਰਿਆ ਤੋਂ ਇਹ ਗੱਲ ਬਖ਼ੂਬੀ ਸਪਸ਼ਟ ਹੋ ਜਾਂਦੀ ਹੈ ਕਿ ਗ ਅਤੇ ਜ ਦੀਆਂ ਧੁਨੀਆਂ ਉਪਰੋਕਤ ਅਨੁਸਾਰ ਲੋੜ ਪੈਣ 'ਤੇ ਆਪਸ ਵਿੱਚ ਆਪਣੇ ਸਥਾਨ ਬਦਲਦੀਆਂ ਰਹਿੰਦੀਆਂ ਹਨ। ਸ਼ਬਦ ਰਚਣ ਦੀ ਪ੍ਰਕਿਰਿਆ ਵਿੱਚ ਇਹ ਇੱਕ ਸਹਿਜ ਵਰਤਾਰਾ ਹੈ।

ਜਸਵੀਰ ਸਿੰਘ ਪਾਬਲਾ
ਲੰਗੜੋਆ, ਨਵਾਂਸ਼ਹਿਰ।
ਫ਼ੋਨ ਨੰਬਰ: 98884-03052.

ਕੁਕੱੜ ਕਾਂ ਕੰਬੋਜ ਕਬੀਲਾ ਪਾਲਦੇ

ਸਿਆਣੇ ਕਹਿੰਦੇ ਹਨ ਕੁੱਕੜ ਕਾਂ ਕੰਬੋਜ ਕਬੀਲਾ ਪਾਲਦੇ। ਇਹ ਪੁਰਾਣੀਆਂ ਕਹਾਵਤਾਂ ਹਨ ਜੋ ਅੱਜ ਵੀ ਸੱਚ ਹਨ ਤੇ ਹਰ ਪਾਸਿਓ ਸਹੀ ਵੀ ਭਾਸਦੀਆਂ ਹਨ। ਕੁਕੱੜਾਂ ਦੀ ਲੜਾਈ ਮਸਹੂਰ ਹੁੰਦੀ ਹੈ । ਸਾਰਾ ਦਿਨ ਦੀ ਕੁੜ ਕੁੜ ਵੀ ਮਾੜੀ ਹੁੰਦੀ ਹੈ ਪਰ ਜਦੋਂ ਕਿਸੇ ਕੁਕੜ ਨੂੰ ਮਾਰਿਆਂ ਜਾਂਦਾ ਹੈ ਤਾਂ ਉਹ ਸਾਰੇ ਕੁੜ ਕੁੜ ਕਰਕੇ ਸੋਰ ਮਚਾ ਦਿੰਦੇ ਹਨ।ਜਾਨਵਰ ਹੁੰਦੇ ਹੋਏ ਵੀ ਏਕੇ ਦਾ ਸਬੂਤ ਦਿੰਦੇ ਹਨ। ਕਾਂ ਬਾਰੇ ਤਾਂ ਇਹ ਗੱਲ ਕਾਫੀ ਸਹੀ ਹੈ। ਪੁਰਾਣੇ ਲੋਕ ਕਈ ਵਾਰੀ ਕਾਂ ਮਾਰਕੇ ਟੰਗ ਦਿੰਦੇ ਸਨ। ਇਸ ਤਰਾਂ ਨਾਲ ਆਸਮਾਨ ਵਿੱਚ ਕਾਂ ਹੀ ਕਾਂ ਇੱਕਠੇ ਹੋ ਜਾਂਦੇ। ਬਹੁਤੇ ਕਾਂ ਉਸ ਕਾਂ ਦੀ ਰੱਖਿਆ ਤੇ ਹਿਫਾਜਤ ਲਈ ਵੀ ਆਉਂਦੇ। ਖੂਬ ਕਾਂਵਾਂਰੋਲੀ ਪਾਉਂਦੇ। ਤੀਜੀ ਗੱਲ ਅਕਸਰ ਕੰਬੋਂ ਬਿਰਾਦਰੀ ਬਾਰੇ ਕਹੀ ਜਾਂਦੀ ਹੈ। ਇਹ ਬਿਰਾਦਰੀ ਇਸ ਮਾਮਲੇ ਵਿੱਚ ਬਹੁਤ ਹੀ ਸੰਵੇਦਨਸੀਲ ਹੁੰਦੀ ਹੈ। ਅਕਸਰ ਆਪਣੀ ਬਿਰਾਦਰੀ ਦਾ ਪੱਖ ਲੈਂਦੀ ਹੈ। ਸਮਾਜਿਕ ਤੋਰ ਤੇ ਇਹ ਇੱਕ ਚੰਗੀ ਪ੍ਰੰਪਰਾ ਹੈ। ਆਪਣੇ ਭਾਈਚਾਰੇ ਦਾ ਖਿਆਲ ਅਤੇ ਉਸ ਦੇ ਹਿੱਤਾਂ ਦੀ ਰਖਵਾਲੀ ਕਰਨਾ ਇਕ ਵਧੀਆਂ ਰੁਝਾਣ ਹੈ।ਦੇਸ ਦੇ ਮਹਾਨ ਸਹੀਦ ਊਧਮ ਸਿੰਘ ਕੰਬੋਜ ਜਾਤੀ ਦੇ ਸਨ ਪਰ ਉਹਨਾ ਨੇ ਬਿਰਾਦਰੀ ਲਈ ਹੀ ਨਹੀ ਆਪਣੇ ਵਤਨ ਲਈ ਕੁਰਬਾਨੀ ਦਿੱਤੀ।

ਇਸ ਦੇ ਉਲਟ ਆਪਣੇ ਹੀ ਭਾਈਚਾਰੇ ਦੇ ਖਿਲਾਫ ਡੱਟਣ ਅਤੇ ਮੋਰਚਾ ਲਾਉਣ ਵਾਲੇ ਸਾਨ੍ਹ ਦੀ ਗਿਣਤੀ ਵਿੱਚ ਆਉਂਦੇ ਹਨ। ਪਿੰਡਾਂ ਵਿੱਚ ਦੇਖਿਆ ਗਿਆ ਹੈ ਕਿ ਦੋ ਸਾਨ੍ਹ ਇਕੱਠੇ ਨਹੀ ਰਹਿ ਸਕਦੇ। ਉਹਨਾ ਦਾ ਆਪਸੀ ਯੁੱਧ ਚਲਦਾ ਰਹਿੰਦਾ ਹੈ।ਕਈ ਵਾਰੀ ਤਾਂ ਦੋ ਸਾਨ੍ਹਾਂ ਦੇ ਭੇੜ ਵਿੱਚ ਕੋਈ ਮਹਾਤੜ ਮੁਫਤੋ ਮੁਫਤੀ ਰਗੜਿਆ ਜਾਂਦਾ ਹੈ।ਆਮ ਕਹਿੰਦੇ ਹਨ ਅਖੇ ਸਾਨ੍ਹਾਂ ਦੇ ਭੇੜ ਤੋ ਬੱਚਕੇ ਰਹੀ। ਸਿਆਣੇ ਬੰਦੇ ਸਾਨ੍ਹਾਂ ਦੇ ਭੇੜ ਤੋ ਦੂਰ ਰਹਿਣ ਦੀ ਹਮੇਸਾ ਸਲਾਹ ਦਿੰਦੇ ਹਨ।ਪਰ ਕੋਈ ਨਾ ਕੋਈ ਸਾਨ੍ਹਾਂ ਦੇ ਭੇੜ ਆ ਹੀ ਜਾਂਦਾ ਹੈ। ਜੱਟ ਦੇ ਵੈਰ ਅਤੇ ਜੱਟ ਦੇ ਬਦਲੇ ਬਾਰੇ ਵੀ ਗੱਲ ਕਿਸੇ ਤੋ ਲੁਕੀ ਨਹੀ ਹੈ। ਇਹ ਬਿਰਾਦਰੀ ਅਤੇ ਆਪਣੇ ਭਾਈਚਾਰੇ ਨੂੰ ਪਾਲਣ ਦੀ

ਬਜਾਇ ਆਪਣੇ ਗੁੱਸੇ ਲਈ ਮਸਹੂਰ ਹੈ। ਜੱਟ ਤੇ ਸਾਨ੍ਹ ਆਪਣਾ ਵੈਰ ਸਾਲਾਂ ਬੱਧੀ ਨਹੀ ਗਵਾਉਂਦੇ।

ਕਬੀਲਾ ਪਾਲਣ ਦੀ ਗੱਲ ਤੋਂ ਗੱਲ ਯਾਦ ਆ ਗਈ। ਲੋਕ ਆਪਣੇ ਭਾਈਚਾਰੇ ਲਈ ਕੀ ਕੀ ਕਰਦੇ ਹਨ। ਪਿਛਲੇ ਦਿਨੀ ਆਪਣੇ ਬੇਟੇ ਦੇ ਵਿਆਹ ਤੇ ਮੈ ਕੁਝ ਕਰੀਬੀਆਂ ਨੂੰ ਸੱਦਾ ਪੱਤਰ ਨਹੀ ਦਿੱਤਾ। ਪਾਰਵਾਰਿਕ ਮਤਭੇਤ ਹੋਣ ਕਰਕੇ ਦੂਰੀ ਬਨਾਈ ਰੱਖਣੀ ਹੀ ਉਚਿੱਤ ਸਮਝੀ। ਆੜ ਨਾਲੋ ਵਾੜ ਚੰਗੀ ਦੇ ਅਸੂਲਾਂ ਨੂੰ ਪਹਿਲ ਦਿੱਤੀ। ਅਤੇ ਕਿੱਚ ਕਿੱਚ ਨਾਲੋ ਕਿਨ-ਾਰਾ ਕਰਨ ਵਿੱਚ ਹੀ ਮੈਨੂੰ ਭਲਾਈ ਲੱਗੀ। ਚਾਹੇ ਇਹ ਇੰਨਾ ਸੁਖਾਲਾ ਨਹੀ ਸੀ। ਪਰ ਖੁਸੀਆਂ ਚ ਵਿਘਨ ਨਾ ਪਵੇ ਇਹ ਸੋਚ ਕੇ ਮੈ ਆਪਣੇ ਫੈਸਲੇ ਤੇ ਬਜਿੱਦ ਰਿਹਾ। ਪਰ ਨਾਲ ਹੀ ਉਸੇ ਕਬੀਲੇ ਦੇ ਕੁਝ ਪਰਿਵਾਰਾਂ ਨੂੰ ਮੈ ਖੁੱਦ ਜਾ ਕੇ ਸੱਦਾ ਪੱਤਰ ਦੇ ਆਇਆ, ਕਿਉਕਿ ਉਹਨਾਂ ਪਰਿਵਾਰਾਂ ਨਾਲ ਮੇਰੇ ਸਾਲਾਂ ਤੋਂ ਬਹੁਤ ਵਧੀਆ ਸਬੰਧ ਸਨ। ਅਤੇ ਪੂਰਾ ਵਰਤ ਵਰਤੇਵਾ ਸੀ। ਦਿਲ ਵਿੱਚ ਉਹਨਾਂ ਲਈ ਸਨਮਾਨ ਵੀ ਸੀ। ਪਰ ਮੇਰੀਆਂ ਉਮੀਦਾਂ ਨੂੰ ਉਸ ਵੇਲੇ ਖੋਰਾ ਲੱਗਿਆ ਜਦੋ ਉਹਨਾਂ ਪਰਿਵਾਰਾਂ ਨੇ ਸਾਲਾਂ ਦੇ ਸਬੰਧਾਂ ਨੂੰ ਦਰਕਿਨਾਰ ਕਰਦੇ ਹੋਏ ਮੇਰੀਆਂ ਖੁਸੀਆਂ ਵਿੱਚ ਸਰੀਕ ਹੋਣ ਤੋ ਹੀ ਪਾਸਾ ਵੱਟ ਲਿਆ।ਅਤੇ ਆਪਣੇ ਕਬੀਲੇ ਦੇ ਹਿੱਤਾਂ ਨੂੰ ਤਰਜੀਹ ਦਿੱਤੀ। ਮੈਨੂੰ ਇੱਥੇ ਕਬੀਲਾ ਪਾਲਣ ਵਾਲੀ ਗੱਲ ਪੂਰੀ ਤਰਾਂ ਸੱਚੀ ਲੱਗੀ ਤੇ ਇਹੀ ਮੇਰੀ ਹੱਡ ਬੀਤੀ ਬਣ ਗਈ। ਮੇਰੇ ਦੁਆਰਾ ਛੱਡੇ ਹੋਏ ਪਰਿਵਾਰਾਂ ਨੇ ਵੀ ਆਪਣੀ ਬਿਰਾਦਰੀ ਦੀ ਦੁਹਾਈ ਪਾਕੇ ਉਹਨਾ ਨੂੰ ਰੋਕ ਲਿਆ। ਸੁਣਦੇ ਹੁੰਦੇ ਸੀ ਭਰਾ ਭਰਾਵਾਂ ਦੇ ਤੇ ਭੋਲੂ ਨਰਾਇਣ ਦਾ।ਇਸ ਤਰਾਂ ਚੰਗੇ ਲੋਕ ਵੀ ਕਾਂਵਾਂ ਦੀ ਸ੍ਰੈਣੀ ਵਿੱਚ ਆ ਗਏ। ਬਗਲੇ ਭਗਤ ਬਣਕੇ ਰਿਸਤਿਆਂ ਦੀ ਦੁਹਾਈ ਪਾਉਣ ਵਾਲੇ ਆਪਣੇ ਭਾਈਚਾਰੇ ਦੀਆਂ ਸਾਜਿਸਾਂ ਦਾ ਸਿਕਾਰ ਹੋ ਗਏ। ਗੁੱਸਾ ਉਹਨਾਂ ਤੇ ਨਹੀ ਜਿੰਨਾਂ ਨੇ ਰੋਕਿਆ ਹੈ। ਅਸਲ ਗੁੱਸਾ ਉਹਨਾ ਤੇ ਹੈ ਜਿੰਨਾ ਨੇ ਅੰਦਰੋ ਸੱਟ ਮਾਰੀ ਅਤੇ ਮੂੰਹੋ ਰਾਮ ਰਾਮ ਦਾ ਉਚਾਰਨ ਕੀਤਾ। ਅਜਿਹੇ ਦੋਗਲੇ ਲੋਕ ਸਮਾਜ ਨੂੰ ਵੀ ਕੰਲਕਿਤ ਕਰਦੇ ਹਨ ਅਤੇ ਖੁਦ ਮੂੰਹ ਦੇ ਮਿੱਠੇ ਅਤੇ ਅੰਦਰ ਦੇ ਖੋਟੇ ਹੁੰਦੇ ਹਨ।

ਸਾਡੀਆਂ ਸਮਾਜਿਕ ਕਦਰਾਂ ਕੀਮਤਾਂ ਅਨੁਸਾਰ ਕਬੀਲਾ ਪਾਲਣਾ ਕੋਈ ਗਲਤ ਨਹੀ। ਸਾਲਾਂ ਬੱਧੀ ਵੈਰ ਦੁਸਮਣੀ ਰੱਖਣਾ ਅਤੇ ਆਪਣੇ ਕਬੀਲੇ ਨਾਲ ਵੈਰ ਵਿਰੋਧ ਰੱਖਣਾ ਉਚਿੱਤ ਨਹੀ ਪਰ ਸਮਾਜ ਦੇ ਹਰ ਵਰਗ ਨੂੰ ਨਾਲ ਲੈ ਕੇ ਚੱਲਣਾ ਜਰੂਰੀ ਹੁੰਦਾ ਹੈ। ਸਮਾਜ ਇਕੱਲੇ ਕਬੀਲੇ ਨਾਲ ਨਹੀ ਬਣਦਾ ਸਗੋ ਇਹ ਸਾਰੀਆਂ ਬਿਰਾਦਰੀਆਂ ਦਾ ਸਮੂਹ ਹੁੰਦਾ ਹੈ। ਹਰ ਕਬੀਲੇ ਬਿਰਾਦਰੀ ਦੇ ਹਿੱਤਾਂ ਦਾ ਖਿਆਲ ਰੱਖਣਾ ਹੀ ਸਮਾਜ ਲਈ ਹਿੱਤਕਾਰੀ ਹੁੰਦਾ ਹੈ। ਉਹ ਲੋਕ ਸਿਤਾਰੇ ਵਾਂਗੂ ਚਮਕਦੇ ਹਨ ਜੋ ਜਾਤ ਬਿਰਾਦਰੀ ਕਬੀਲੇ ਤੋ ਉਪਰ ਉੱਠਕੇ ਸਮਾਜ ਦੇ ਹਿੱਤਾਂ ਨੂੰ ਪਹਿਲ ਦਿੰਦੇ ਹਨ। ਅਤੇ ਸਮਾਜ ਤੇ ਦੇਸ ਲਈ ਕੁਝ ਕਰ ਗੁਜਰਦੇ ਹਨ। ਤਾਂ ਕੀ ਹੋਇਆ ਜੇ ਲੋਕ ਕਹਿੰਦੇ ਹਨ ਕੁੱਕੜ ਕਾਂ ਕੰਬੋਜ ਕਬੀਲਾ ਪਾਲਦੇ। ਜੱਟ ਮੰਹਿ ਕਬੀਲਾ ਗਾਲਦੇ।

ਰਮੇਸ ਸੇਠੀ ਬਾਦਲ
ਮੋ 98 766 27 233

ਵਿਅੰਗਆਤਮਿਕ ਲੇਖ : ਗੋਲੀ ਦੀ ਵਰਤੋਂ

ਕੱਲ੍ਹ ਇਹ ਖ਼ਬਰ ਪੜ੍ਹੀ ਕਿ '- - - ਨਰਸਿੰਗ ਹੋਮ' ਵਿੱਚ ਇੱਕ ਮਰੀਜ਼ ਨੇ ਡਾਕਟਰ ਤੋਂ ਇੱਕ ਖ਼ਾਸ ਨਰਸ ਨੂੰ ਬੁਲਾਉਣ ਅਤੇ ਸੇਵਾ ਕਰਵਾਉਣ ਦੀ ਇਜਾਜ਼ਤ ਮੰਗੀ ਅਤੇ ਜਦੋਂ ਡਾਕਟਰ ਨੇ ਸਿਰ ਹਿਲਾਉਂਦਿਆਂ ਆਗਿਆ ਤੋਂ ਨਾਂਹ ਕਰ ਦਿੱਤੀ ਤਾਂ ਉਕਤ ਮਰੀਜ਼ ਨੇ ਡਾਕਟਰ ਉੱਤੇ ਗੋਲੀ ਚਲਾ ਦਿੱਤੀ - ਮਤਲਬ ਕਿ ਦਾਗ਼ ਦਿੱਤੀ। ਅੱਗੋਂ ਕੀ ਹੋਇਆ,ਇੰਤਜ਼ਾਰ ਹੈ? ਇਮਾਨਦਾਰੀ ਨਾਲ ਕਹਾਂ ਤਾਂ ਇਸ ਖ਼ਬਰ ਨੇ ਝੰਜੋੜ ਕੇ ਰੱਖ ਦਿੱਤਾ ਕਿਉਂਕਿ ਹੁਣ ਉਹ ਸਮਾਂ ਆ ਗਿਆ ਹੈ,ਜਦੋਂ ਛੋਟੀਆਂ-ਛੋਟੀਆਂ ਗੱਲਾਂ ਉੱਤੇ ਵੀ ਸਾਡੇ ਵੱਲ ਪਿਸਤੌਲ ਅਤੇ ਬੰਦੂਕਾਂ ਦੇ ਮੂੰਹ ਖੋਲ੍ਹੇਂ ਜਾ ਰਹੇ ਹਨ। ਜੇਕਰ ਸੜਕ 'ਤੇ ਚੱਲ ਦੇ ਸਮੇਂ ਕੋਈ ਤੁਹਾਨੂੰ ਨਮਸਕਾਰ ਕਰਦਾ ਹੈ ਅਤੇ ਤੁਸੀਂ ਕਾਹਲੀ ਵਿੱਚ ਉਹ ਦਾ ਜਵਾਬ ਨਹੀਂ ਦੇ ਸਕੇ ਤਾਂ ਤੁਰੰਤ ਪਿੱਛੋਂ ਪਿਸਤੌਲ ਦੀ ਆਵਾਜ਼ ਰਾਹੀਂ ਗੋਲੀ ਤੁਹਾਡੀ ਪਿੱਠ ਨੂੰ ਪਾਰ ਕਰ ਸਕਦੀ ਹੈ। ਹੋ ਸਕਦਾ ਕਿ ਇਹ ਸੱਚ ਹੋਵੇ ਅਤੇ ਫਿਰ ਥੋੜੇ ਚਿਰ ਵਿੱਚ ਤੁਸੀਂ ਅੰਤਿਮ 'ਸ਼ੁੱਭਕਾਮਨਾਵਾਂ' ਦੇ ਕੇ ਦੁਨੀਆ ਤੋਂ ਵਿਧਾ ਹੋ ਜਾਉ ਅਤੇ ਘਰ ਦਿਆਂ ਨੂੰ ਕਾਰਨ ਦਾ ਪਤਾ ਵੀ ਨਾ ਲੱਗੇ ਤੇ ਖ਼ਾਹ-ਮਖ਼ਾਹ ਪੁਲਸ ਦੇ ਹੱਥੇ ਚੜ੍ਹ ਜਾਵੋ। ਸੱਚ ਪੁੱਛੋ ਤਾਂ ਹੁਣ ਡਰ ਇਹ ਵੀ ਪੈਦਾ ਹੋ ਗਿਆ ਹੈ ਕਿ ਜੇਕਰ ਤੁਸੀਂ ਕਿਸੇ ਦਾ ਸੁਭਾਵਕ ਹੀ ਹਾਲ-ਚਾਲ ਪੁੱਛੋ ਤਾਂ ਉਹ ਤੁਹਾਨੂੰ ਅਚਾਨਕ ਪਿਸਤੌਲ ਦੀ ਗੋਲੀ ਨਾਲ ਜਵਾਬ ਦੇਵੇ ਅਤੇ ਕਹੇ ਕਿ ਯਾਰ! ਫੁੱਲ ਕਾਇਮ ਐਂ-ਮੌਜਾਂ ਹੀ ਮੌਜਾਂ ਹਨ; ਅਸਲ ਆਜ਼ਾਦੀ ਤਾਂ ਹੁਣ ਆਈ ਹੈ-ਤੇ ਕਰ ਦੇਵੇ--ਠਾਹ-ਠਾਹ। ਸ਼ੂਟਿੰਗ ਹੁਣ ਇੱਕ ਕਲਾ ਬਣ ਗਈ ਹੈ। ਹੋ ਸਕਦਾ ਹੈ ਕਿ ਕਿਸੇ ਦੀ ਪ੍ਰਸ਼ੰਸਾ ਕਰਨ ਦੇ ਇਰਾਦੇ ਨਾਲ ਵੀ ਗੋਲੀ ਚਲਾਉਣ ਦੀ ਨੌਬਤ ਆ ਜਾਵੇ,ਜਿਵੇਂ ਕਿ ਕਿਸੇ ਵਿਆਹ ਸ਼ਾਦੀ ਤੇ ਕਦੇ-ਕਦਾਈਂ ਅਜਿਹੀ ਘਟਨਾ ਵਾਪਰੀ ਬਾਰੇ ਸੁਣਿਆ ਹੋਇਆ ਹੈ।ਪਰ ਹੁਣ ਦੀ ਬਦਲੀ ਪਰਿਸਥਿਤੀ ਵਿੱਚ,ਜੇ ਕਦੇ ਤੁਸੀਂ ਆਪਣੇ ਕਿਸੇ ਦੋਸਤ ਨੂੰ ਕਵਿਤਾ ਜਾ ਰਚਨਾ ਸੁਣਾ ਰਹੇ ਹੋਵੋ ਅਤੇ ਉਹ ਅਚਾਨਕ ਉਸ ਤੋਂ ਪ੍ਰਭਾਵਤ ਹੋ ਕੇ,ਪਿਸਤੌਲ ਤਾਣ ਕੇ ਗੋਲੀ ਚਲਾ ਕਿ ਆਪਣਾ ਕਮੈਂਟ ਦੇਵੇ ਤਾਂ 'ਕਵੀ ਜਨ' ਦਾ ਕੀ ਹਸ਼ਰ ਹੋ ਸਕਦਾ? ਸ਼ਾਇਦ ਅੱਗੇ ਤੋਂ ਲਿਖਣ ਅਤੇ ਸੁਣਾਉਣਾ ਭੁੱਲ ਜਾਵੇ। ਆਹ, ਜਿਹੜੀਆਂ ਹਰ ਰੋਜ਼ ਲੇਖਕ ਸਭਾਵਾਂ ਦੀਆਂ 'ਫਿਆਰ ਮਿਲਣੀਆਂ'ਹੁੰਦੀਆਂ ਹਨ,ਜ਼ਰਾ ਏਸੇ ਪੱਖੋਂ ਧਿਆਨ ਰੱਖਣ। ਮੈਂ ਤਾਂ ਅਰਦਾਸ ਹੀ ਕਰ ਸਕਦਾ ਹਾਂ ਕਿ ਪ੍ਰਮਾਤਮਾ ਤੁਹਾਨੂੰ ਬੁਰੀ ਨਜ਼ਰ ਤੋਂ ਸਦਾ-ਸਦਾ ਲਈ ਬਚਾਵੇ।ਜੇਕਰ ਇਹੋ ਜਿਹੀਆਂ ਛੋਟੀਆਂ-ਛੋਟੀਆਂ ਗੱਲਾਂ ਲਈ ਵੀ 'ਗੋਲੀ' ਦੀ ਵਰਤੋਂ ਕੀਤੀ ਜਾਵੇਗੀ ਤਾਂ ਉਹ ਦਿਨ ਦੂਰ ਨਹੀਂ,ਜਦੋਂ ਕਿਸੇ ਵੀ ਪਰਵਾਰ ਨਿਯੋਜਨ ਯੋਜਨਾ ਦੀ ਲੋੜ ਪਵੇ।— ਗਲੀਆਂ ਸੁੰਨੀਆਂ ਵਿੱਚ ਮਿਰਜ਼ਾ (ਤਰਕਸ਼ੀ ਨਹੀਂ-ਪਸਤੌਲੀ) ਯਾਰ ਨੱਚੂ! ਇਹਨਾਂ ਸਿੱਕੇ ਦੀਆਂ ਗੋਲੀਆਂ ਤੋਂ ਇਲਾਵਾ,ਚਿੱਟੇ, ਨੀਲੇ ਜਾਂ ਕਾਲੇ ਰੰਗ ਦੀਆਂ ਗੋਲੀਆਂ ਦੀ ਇੱਕ ਹੋਰ ਸ਼ਰੇਣੀ ਹੈ,ਜੋ ਮਨੁੱਖਤਾ ਨੂੰ ਪਤਿਤ ਕਰਨ ਲਈ ਬਹੁਤ ਦੂਰਅੰਦੇਸ਼ੀ ਪ੍ਰਭਾਵ ਪਾਉਂਦੀਆਂ ਹਨ। ਵਾਹਿਗੁਰੂ ਸਾਨੂੰ ਇਹਨਾਂ ਤੋਂ ਬਚਾਵੇ... ਇਹ ਸੋਚ ਤੋਂ ਬਾਅਦ ਹੈਰਾਨ ਹਾਂ ਕਿ ਨਰਸਿੰਗ ਹੋਮ 'ਚ ਦਾਖਲ ਹੋਏ ਅਜਿਹੇ ਵਿਅਕਤੀ ਨੂੰ ਗੋਲੀ ਚਲਾਉਣ ਤੇ ਕੀ ਕਿਹਾ ਜਾਵੇ? ਕੀ ਸਜ਼ਾ ਦਿੱਤੀ ਜਾਵੇ? ਕੀ ਉਹਨੂੰ ਗੋਲੀ ਚਲਾਉਣ ਦੀ ਅਜਿਹੀ ਆਜ਼ਾਦੀ ਹੈ? ਫਿਰ ਮੈਂ ਸੋਚਦਾ ਹਾਂ ਕਿ ਜੱਦੋ ਅਕਲ ਹੀ ਜਵਾਬ ਦੇ ਜਾਵੇ ਤਾਂ ਪਿਸਤੌਲ ਰੱਖਣ ਵਾਲੇ ਨੂੰ ਕਿਸੇ ਦੀ ਇਜਾਜ਼ਤ ਨਹੀਂ ਲੈਣੀ ਪੈਂਦੀ। ਹਰ ਪਾਸੇ ਗੋਲੀ ਪਰਧਾਨ। ਗੰਨ ਕਲਚਰ। ਅਜਿਹੀ ਸੋਚ ਦੇ ਧਾਰਨੀਆਂ ਦਾ ਰੱਬ ਰਾਖਾ!

ਸੁਰਜੀਤ ਸਿੰਘ ਭੁੱਲਰ

India's Selective Outrage: Why Bangladesh Matters More Than Dalits

THE ASIAN INDEPENDENT UK

When Hindus face violence in Bangladesh, India's leaders speak loudly. They condemn the attacks. They issue statements. They demand action from the Bangladesh government. But when Dalits are raped and killed inside India itself, the same leaders stay quiet. This double standard reveals an uncomfortable truth about how human rights are used as political tools rather than universal principles.

The Numbers Tell a Story

Every day in India, terrible things happen to Dalits. A Dalit woman is raped every two hours. A Dalit is murdered every week. Violence against Dalits happens every 18 minutes. These are not just numbers. They are people—sons, daughters, mothers, fathers. Yet these crimes barely make headlines. Politicians rarely speak about them. The international community pays little attention.

Meanwhile, when violence happens to Hindus in Bangladesh, it becomes front-page news. Government ministers give speeches. Diplomatic protests are filed. Social media explodes with anger. The contrast is striking and revealing.

Why the Double Standard?

The reason for this selective concern is simple: politics. When India's government talks about Hindus in Bangladesh, it serves several political purposes. It positions India as the protector of Hindus worldwide. It puts pressure on a neighboring country. It appeals to nationalist sentiment at home. It distracts from problems within India's own borders.

Talking about Dalit suffering serves none of these purposes. In fact, it does the opposite. It highlights India's own failures. It exposes the caste system that still divides Indian society. It embarrasses the nation on the world stage.

The Caste System's Stubborn Grip

Even though India's constitution outlaws caste discrimination, the reality on the ground tells a different story. Dalits are beaten for entering temples. They are killed for riding horses at their own weddings. Women are gang-raped as punishment for their community's supposed offenses. Children are made to sit separately in schools or denied education entirely.

This violence is not random. It is systematic. It is designed to keep Dalits in their place, to remind them that despite what the law says, they are still considered inferior by many in Indian society.

The Silence is Deafening

When a Dalit woman is raped, the police often refuse to register the case. When a Dalit man is murdered, investigations go nowhere. When entire Dalit communities are attacked, justice rarely comes. The conviction rate for crimes against Dalits is less than 30 percent. This means seven out of ten perpetrators face no consequences.

Politicians who claim to care about human rights abroad remain silent about these injustices at home. The same voices that thunder about religious persecution in other countries whisper, if they speak at all, about caste-based persecution in their own backyard.

Bal Ram Sampla Geopolitics

Human Rights Cannot Be Selective

The fundamental problem with India's approach is that human rights cannot be selective. You cannot claim to care about violence against one group while ignoring violence against another. Either all human lives matter equally, or the concern is not really about human rights at all—it is about politics.

The violence in Bangladesh against Hindus is real and deserves condemnation. But so does the violence in India against Dalits. Both are symptoms of societies where minority or oppressed groups face systematic persecution. Both require urgent action. Both deserve international attention.

The Cost of Hypocrisy

This double standard carries real costs. It undermines India's moral authority on the world stage. How can India lecture other countries about protecting minorities when it fails to protect its own? It also sends a message to Dalits that their lives matter less, that their suffering is acceptable, that no one will speak for them.

Moreover, it allows the violence to continue. When powerful people stay silent about injustice, they give permission for that injustice to persist. Every time a politician chooses to ignore Dalit suffering while highlighting Hindu suffering abroad, they are saying that some lives are more valuable than others.

What Needs to Change

Real change requires India to look honestly at itself. It means enforcing existing laws against caste discrimination. It means ensuring police actually protect Dalit communities rather than ignoring their complaints. It means politicians speaking as loudly about violence at home as they do about violence abroad.

It also requires ordinary citizens to reject this double standard. When someone expresses outrage about religious violence in Bangladesh but stays silent about caste violence in India, they should be challenged. Consistency matters. Justice cannot be selective.

Conclusion

India sheds crocodile tears for Hindus in Bangladesh because it is politically convenient, not because it genuinely cares about human rights. If it truly cared, it would show the same concern for Dalits who face violence every single day within India's own borders.

Until India treats the cries of Dalits with the same urgency it shows for Hindus abroad, its claims about protecting human rights will remain hollow. The test of a nation's commitment to human rights is not how it treats the powerful or the majority, but how it treats the most vulnerable and oppressed among its own people.

Dalits are raped and killed daily in India, and their voices deserve to be heard just as loudly as any other. Until that happens, India's tears for others will remain what they are: crocodile tears shed for political gain rather than genuine human compassion.

References

1.https://religionunplugged.com/news/2026/1/5/attacks-on-hindus-expose-bangladeshs-failing-political-transition
2.https://www.davidalton.net/2024/09/27/1-crime-is-committed-against-a-dalit-every-18-minutes-13-dalits-murdered-every-week-27-atrocities-against-dalits-every-day-according-to-indias-national-crime-records-bureau-some-45935-cases-of-v/
3.https://cjp.org.in/everyday-atrocity-mapping-the-normalisation-of-violence-against-dalits-and-adivasis-in-2025/
4.https://organiser.org/2025/12/28/332403/bharat/report-flags-24-incidents-of-violence-against-hindus-in-bangladesh-over-blasphemy-allegations/
5.https://subramanyam.house.gov/media/press-releases/rep-subramanyam-statement-escalating-violence-bangladesh

ਕੈਮਲੂਪਸ ਵਿੱਚੋਂ ਮਿਲੀ ਲਾਸ਼ ਦੇ ਮਾਮਲੇ 'ਚ ਪੁਲਿਸ ਵੱਲੋਂ ਕਤਲ ਦੀ ਜਾਂਚ ਸ਼ੁਰੂ

ਵੈਨਕੂਵਰ, (ਮਲਕੀਤ ਸਿੰਘ) – ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਕੈਮਲੂਪਸ ਵਿੱਚ ਵੈੱਲਨੈੱਸ ਚੈਕ ਦੌਰਾਨ ਪੁਲਿਸ ਨੂੰ ਇੱਕ ਵਿਅਕਤੀ ਦੀ ਲਾਸ਼ ਮਿਲਣ ਤੋਂ ਬਾਅਦ ਵੱਲੋਂ ਮਾਮਲੇ ਨੂੰ ਸੰਭਾਵਿਤ ਕਤਲ ਵਜੋਂ ਜਾਂਚ ਹੇਠ ਲਿਆ ਗਿਆ ਹੈ। ਪੁਲਿਸ ਮੁਤਾਬਕ ਇਹ ਘਟਨਾ ਸੋਮਵਾਰ ਨੂੰ ਵੈਸਟ ਐਂਡ ਇਲਾਕੇ ਦੀ ਇੱਕ ਰਿਹਾਇਸ਼ ਵਿੱਚ ਸਾਹਮਣੇ ਆਈ, ਜਿੱਥੇ ਅਧਿਕਾਰੀਆਂ ਨੇ ਜਾਂਚ ਦੌਰਾਨ ਲਾਸ਼ ਬਰਾਮਦ ਕੀਤੀ ਸੀ । ਪੁਲਿਸ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਮ੍ਰਿਤਕ ਦੀ ਪਛਾਣ ਮੁਹੰਮਦ ਆਸ਼ ਜ਼ਫ਼ਰ ਵਜੋਂ ਹੋਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮੌਕੇ ਤੋਂ ਇਕੱਠੇ ਕੀਤੇ ਗਏ ਸਬੂਤਾਂ ਦੇ ਆਧਾਰ 'ਤੇ ਮੌਤ ਨੂੰ 'ਅਚਾਨਕ' ਕਰਾਰ ਦੇਣ ਦੀ ਬਜਾਏ ਕਤਲ ਦੇ ਸੰਦਰਭ ਵਿੱਚ ਜਾਂਚ ਅੱਗੇ ਵਧਾਈ ਜਾ ਰਹੀ ਹੈ। ਪੁਲਿਸ ਨੇ ਆਮ ਲੋਕਾਂ ਨੂੰ ਭਰੋਸਾ ਦਿੱਤਾ ਹੈ ਕਿ ਜਨਤਾ ਲਈ ਕੋਈ ਤੁਰੰਤ ਖ਼ਤਰਾ ਨਹੀਂ ਹੈ। ਪੁਲਿਸ ਨੇ ਮ੍ਰਿਤਕ ਦੇ ਪਰਿਵਾਰ ਨਾਲ ਸੰਵੇਦਨਾ ਜਤਾਉਂਦੇ ਹੋਏ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਵੀ ਇਸ ਮਾਮਲੇ ਨਾਲ ਸੰਬੰਧਿਤ ਜਾਣਕਾਰੀ ਹੋਵੇ ਤਾਂ ਉਹ ਤੁਰੰਤ ਪੁਲਿਸ ਅਧਿਕਾਰੀਆਂ ਨੇ ਧਿਆਨ ਚ ਲਿਆਂਦੀ ਜਾਵੇ

ਰੱਬ ਨੇ ਬਣਾਈਆਂ ਜੋੜੀਆਂ

ਚੰਗਾ ਹਮਸਫ਼ਰ ਪ੍ਰਮਾਤਮਾ ਵਲੋਂ ਬਖਸ਼ਿਆ ਸਭ ਤੋਂ ਖ਼ੂਬਸੂਰਤ ਤੋਹਫਾ ਹੁੰਦਾ ਹੈ । ਦੋ ਅਨਜਾਣ ਰੂਹਾਂ, ਜਦੋਂ ਇੱਕ ਬੰਧਨ ਵਿੱਚ ਬੱਝ ਇੱਕ ਦੂਸਰੇ ਦਾ ਹੱਥ ਫੜ ਜ਼ਿੰਦਗੀ ਦੇ ਅਨਜਾਣ ਰਾਹਾਂ 'ਤੇ ਚੱਲਦੀਆਂ ਹਨ ਤਾਂ ਜ਼ਿੰਦਗੀ ਖ਼ੂਬਸੂਰਤ ਹੋ ਜਾਂਦੀ ਹੈ । ਜ਼ਿੰਦਗੀ ਦਾ ਪੰਧ ਭਾਵੇਂ ਲੰਮੇਰਾ ਹੁੰਦਾ ਹੈ ਪਰ ਜਦੋਂ ਰਾਹਾਂ ਦੇ ਹਾਣੀ ਰੂਹਾਂ ਦੇ ਹਾਣੀ ਬਣ ਜਾਣ ਤਾਂ ਇਹ ਔਖਾ ਪੈਂਡਾ ਵੀ ਆਸਾਨ ਹੋ ਜਾਂਦਾ ਹੈ । ਜ਼ਿੰਦਗੀ ਵਿੱਚ ਅਨੇਕਾਂ ਉਤਰਾਅ ਝੜਾਅ ਆਉਂਦੇ ਹਨ, ਜ਼ਿੰਦਗੀ ਕਦੇ ਵੀ ਇੱਕੋ ਜਿਹੀ ਨਹੀਂ ਰਹਿੰਦੀ । ਖ਼ੁਸ਼ੀਆਂ-ਗਮੀਆਂ ਇਹ ਦੋਵੇਂ ਹੀ ਨਾਲ-ਨਾਲ ਚੱਲਦੀਆਂ ਹਨ । ਕਈ ਵਾਰ ਜ਼ਿੰਦਗੀ ਬਹੁਤ ਔਖੇ ਇਮਤਿਹਾਨ ਵੀ ਲੈਂਦੀ ਹੈ ਪਰ ਜੇਕਰ ਉਸ ਇਮਤਿਹਾਨ ਵਿੱਚ ਤੁਹਾਡਾ ਹਮਸਫ਼ਰ ਤੁਹਾਡੀ ਢਾਲ ਬਣ ਖੜ ਜਾਵੇ ਤਾਂ ਕੰਡਿਆਂ ਭਰੀ ਜ਼ਿੰਦਗੀ ਵੀ ਫੁੱਲਾਂ ਦੀ ਸੇਜ ਜਾਪਣ ਲੱਗ ਜਾਂਦੀ ਹੈ । ਜ਼ਿੰਦਗੀ ਵਿੱਚ ਜੇਕਰ ਹਮਸਫ਼ਰ ਸੱਚਾ, ਸਮਝਦਾਰ ਅਤੇ ਵਫਾਦਾਰ ਮਿਲ ਜਾਵੇ ਤਾਂ ਜ਼ਿੰਦਗੀ ਜਿਊਣੀ ਆਸਾਨ ਹੋ ਜਾਂਦੀ ਹੈ।ਸਿਆਣੇ ਆਖਦੇ ਹਨ ਕਿ ਅੰਮ੍ਰਿਤ ਵੇਲੇ ਦੀ ਬਾਣੀ ਤੇ ਰੂਹਾਂ ਦੇ ਹਾਣੀ ਬੜੇ ਭਾਗਾਂ ਨਾਲ ਮਿਲਦੇ ਹਨ ਤੇ ਇਹ ਗੱਲ ਸੋਲਾਂ ਆਨੇ ਸੱਚ ਵੀ ਹੈ । ਪਤੀ ਪਤਨੀ ਦੇ ਰਿਸ਼ਤੇ ਦਾ ਆਧਾਰ ਪਿਆਰ ਤੇ ਵਿਸ਼ਵਾਸ ਹੁੰਦਾ ਹੈ । ਪਤੀ ਪਤਨੀ ਦੇ ਰਿਸ਼ਤੇ ਵਿੱਚ ਸ਼ੱਕ ਲਈ ਕੋਈ ਜਗ੍ਹਾ ਨਹੀਂ ਹੋਣੀ ਚਾਹੀਦੀ । ਜਿਸ ਰਿਸ਼ਤੇ ਵਿੱਚ ਸ਼ੱਕ ਆ ਜਾਵੇ ਉਹ ਰਿਸ਼ਤਾ ਕਦੇ ਵੀ ਲੰਬਾ ਨਹੀਂ ਚੱਲ ਸਕਦਾ । ਪਤੀ ਪਤਨੀ ਦਾ ਰਿਸ਼ਤਾ ਤਾਂ ਖੜਾ ਹੀ ਵਿਸ਼ਵਾਸ ਦੀ ਬੁਨਿਆਦ 'ਤੇ ਹੁੰਦਾ ਹੈ । ਜਿੱਥੇ ਪਿਆਰ ਅਤੇ ਵਿਸ਼ਵਾਸ ਦੋਵੇਂ ਹੋਣ ਉਹ ਰਿਸ਼ਤਾ ਕਦੇ ਨਹੀਂ ਡੋਲਦਾ । ਹਮਸਫ਼ਰ ਦਾ ਪੈਸੇ ਪੱਖੋਂ ਅਮੀਰ ਹੋਣਾ ਜ਼ਰੂਰੀ ਨਹੀਂ ਹੁੰਦਾ ਸਗੋਂ ਦਿਲੋਂ ਅਮੀਰ ਹੋਣਾ ਜ਼ਰੂਰੀ ਹੁੰਦਾ ਹੈ ਕਿਉਂਕਿ ਮਾੜੇ ਇਨਸਾਨ ਨਾਲ ਮਹਿਲਾਂ ਵਿੱਚ ਵੀ ਜ਼ਿੰਦਗੀ ਨਹੀਂ ਕੱਟੀ ਜਾ ਸਕਦੀ ਤੇ ਇੱਕ ਸੱਚੇ ਸੁੱਚੇ ਇਨਸਾਨ ਨਾਲ ਕੁੱਲੀ ਵਿੱਚ ਵੀ ਸਕੂਨ ਮਿਲ ਸਕਦਾ ਹੈ । ਪਤੀ ਪਤਨੀ ਜ਼ਿੰਦਗੀ ਦੀ ਗੱਡੀ ਦੇ ਦੋ ਪਹੀਏ ਹੁੰਦੇ ਹਨ ਇਸ ਲਈ ਦੋਨਾਂ ਪਹੀਆਂ ਵਿਚਕਾਰ ਤਾਲਮੇਲ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ ।ਇੱਕ ਸੱਚਾ ਹਮਸਫ਼ਰ ਆਪਣੇ ਸਾਥੀ ਨੂੰ ਕਦੇ ਵੀ ਨੀਵਾਂ ਨਹੀਂ ਦਿਖਾਉਂਦਾ । ਅੱਜ ਦੇ ਦੌਰ ਅੰਦਰ ਇੱਕ ਚੰਗਾ ਹਮਸਫ਼ਰ ਬਹੁਤ ਭਾਗਾਂ ਨਾਲ ਮਿਲਦਾ ਹੈ । ਸਾਡੇ ਸਮਾਜ ਦੀ ਸੋਚ ਹੈ ਕਿ ਜਦੋਂ ਵੀ ਅਸੀਂ ਰਿਸ਼ਤਾ ਜੋੜਦੇ ਹਾਂ ਤਾਂ ਇੱਕ ਦੂਸਰੇ ਦੀ ਜਾਤ - ਪਾਤ ਜਾਂ ਸਟੇਟਸ ਵੇਖ ਰਿਸ਼ਤਾ ਜੋੜਨ ਦੀ ਕੋਸ਼ਿਸ਼ ਕਰਦੇ ਹਾਂ ਪਰ ਅਸਲ ਵਿੱਚ ਜਾਤ - ਪਾਤ ਨਾਲੋਂ ਵੱਧ ਜ਼ਰੂਰੀ ਹੈ ਦੋ ਜੀਆਂ ਦੀ ਮੱਤ ਦਾ ਮਿਲਣਾ ਕਿਉਂਕਿ ਗਰੀਬੀ ਕੱਟੀ ਜਾ ਸਕਦੀ ਹੈ ਪਰ ਮਾੜੇ ਇਨਸਾਨ ਨਾਲ ਜ਼ਿੰਦਗੀ ਕੱਟਣੀ ਬਹੁਤ ਮੁਸ਼ਕਿਲ ਹੁੰਦੀ ਹੈ । ਅਕਸਰ ਵੇਖਿਆ ਜਾਂਦਾ ਹੈ ਕਿ ਦੇਹਾਂ ਵਿਆਹੀਆਂ ਜਾਂਦੀਆਂ ਹਨ ਪਰ ਰੂਹਾਂ ਸਾਰੀ ਉਮਰ ਕੁਆਰੀਆਂ ਹੀ ਰਹਿ ਜਾਂਦੀਆਂ ਹਨ । ਜੇਕਰ ਦੋ ਜੀਆਂ 'ਚ ਰੂਹਾਂ ਦੀ ਸਾਂਝ ਨਾ ਹੋਵੇ ਤਾਂ ਇਹ ਰਿਸ਼ਤਾ ਜੱਗ ਲਈ ਤਮਾਸ਼ਾ ਬਣ ਜਾਂਦਾ ਹੈ । ਬੜੇ ਭਾਗਾਂ ਵਾਲੀਆਂ ਹੁੰਦੀਆਂ ਨੇ ਉਹ ਰੂਹਾਂ ਜੋ ਇਸ ਪਾਕ ਰਿਸ਼ਤੇ ਨੂੰ ਆਖਰੀ ਸਾਹ ਤੱਕ ਨਿਭਾਉਂਦੀਆਂ ਹਨ । ਜ਼ਿੰਦਗੀ ਹੋਰ ਵੀ ਖ਼ੂਬਸੂਰਤ ਹੋ ਜਾਂਦੀ ਹੈ ਜਦੋਂ ਤੁਹਾਡੀਆਂ ਸੱਧਰਾਂ, ਤੁਹਾਡੇ ਚਾਵਾਂ ,ਤੁਹਾਡੀਆਂ ਰੀਝਾਂ ਨੂੰ ਸਮਝਣ ਤੇ ਪੂਰਾ ਕਰਨ ਵਾਲਾ ਇਨਸਾਨ ਤੁਹਾਡਾ ਹਮਰਾਹੀ ਬਣੇ । ਹਮਸਫ਼ਰ ਜੇਕਰ ਸਾਥ ਨਿਭਾਉਣ ਵਾਲਾ ਤੇ ਸਮਝਣ ਵਾਲਾ ਮਿਲ ਜਾਵੇ ਤਾਂ ਕੰਡਿਆਂ ਭਰੀ ਜ਼ਿੰਦਗੀ ਵੀ ਫੁੱਲਾਂ ਦੀ ਸੇਜ ਲੱਗਦੀ ਹੈ ਪਰ ਜੇਕਰ ਰਾਹਾਂ ਦੇ ਹਾਣੀ ਰੂਹਾਂ ਦੇ ਹਾਣੀ ਨਾ ਬਣ ਸਕਣ ਤਾਂ ਇੱਕ ਖਲਾਅ ਸਾਰੀ ਜ਼ਿੰਦਗੀ ਰਿਸ਼ਤੇ ਵਿੱਚ ਰਹਿੰਦਾ ਹੈ ਤੇ ਫੁੱਲਾਂ ਦੀ ਸੇਜ ਵੀ ਕੰਡਿਆਂ ਵਾਂਗ ਚੁੱਭਦੀ ਹੈ । ਚੰਗਾ ਹਮਸਫ਼ਰ ਹਮੇਸ਼ਾ ਆਪਣੇ ਸਾਥੀ ਨੂੰ ਅੱਗੇ ਵੱਧਣ ਲਈ ਪ੍ਰੇਰਦਾ ਹੈ ।ਇਸੇ ਲਈ ਤਾਂ ਕਈ ਵਾਰ ਵੇਖਿਆ ਜਾਂਦਾ ਹੈ ਕਿ ਆਮ ਘਰਾਂ ਦੀਆਂ ਆਮ ਕੁੜੀਆਂ ਵੀ ਚੰਗੇ ਜੀਵਨ ਸਾਥੀ ਦੇ ਸਾਥ ਕਰਕੇ ਰਾਣੀਆਂ ਬਣ ਰਾਜ ਕਰਦੀਆਂ ਹਨ ਤੇ ਆਪਣੀਆਂ ਮੰਜ਼ਿਲਾਂ ਸਰ ਕਰ ਲੈਂਦੀਆਂ ਹਨ ਤੇ ਦੂਸਰੇ ਪਾਸੇ ਕਈ ਵਾਰ ਬੁਹਤੀਆਂ ਸੂਝਵਾਨ , ਸੋਹਣੀਆਂ - ਸੁਨੱਖੀਆਂ ਧੀਆਂ ਵੀ ਮਾੜੇ ਹਮਸਫ਼ਰ ਕਰਕੇ ਸਹੁਰੇ ਘਰ ਰੁਲ ਜਾਂਦੀਆਂ ਹਨ । ਅਸਲ ਵਿੱਚ ਹਮਸਫ਼ਰ ਜੇਕਰ ਇੱਕ ਚੰਗਾ ਦੋਸਤ ਬਣ ਜਾਵੇ ਤਾਂ ਜ਼ਿੰਦਗੀ ਦੀਆਂ ਗੁੰਝਲਾਂ ਆਸਾਨ ਹੋ ਜਾਂਦੀਆਂ ਹਨ । ਔਖੇ ਵੇਲੇ ਜਦੋਂ ਦੋ ਜੀਅ ਇੱਕ ਦੂਸਰੇ ਦਾ ਸਹਾਰਾ ਬਣ ਖੜਦੇ ਹਨ ਤਾਂ ਮੁਸ਼ਕਿਲਾਂ ਵੰਡੀਆਂ ਜਾਂਦੀਆਂ ਹਨ ਤੇ ਜਦੋਂ ਖ਼ੁਸ਼ੀਆਂ 'ਚ ਇਕੱਠੇ ਖੜਦੇ ਹਨ ਤਾਂ ਖ਼ੁਸ਼ੀਆਂ ਦੁਗਣੀਆਂ ਹੋ ਜਾਂਦੀਆਂ ਹਨ । ਹਰ ਰਿਸ਼ਤਾ ਜ਼ਿੰਦਗੀ ਦੇ ਕਿਸੇ ਨਾ ਕਿਸੇ ਮੋੜ ਤੇ ਸਾਥ ਛੱਡ ਜਾਂਦਾ ਹੈ ਪਰ ਹਮਸਫ਼ਰ ਦਾ ਸਾਥ ਹੀ ਅਜਿਹਾ ਹੁੰਦਾ ਹੈ ਜੋ ਆਖਰੀ ਸਾਹ ਤੱਕ ਨਿੱਭਦਾ ਹੈ । ਇਸ ਲਈ ਸੰਜੋਗਾਂ ਨਾਲ ਜੁੜੇ ਇਸ ਪਾਕ ਰਿਸ਼ਤੇ ਦੀ ਹਮੇਸ਼ਾ ਕਦਰ ਕਰੋ ।

ਜਸਪ੍ਰੀਤ ਕੌਰ ਸੰਘਾ ।
ਹੁਸ਼ਿਆਰਪੁਰ ।
99150-33176

ਧੀਆਂ ਦੀ ਲੋਹੜੀ: ਬਦਲਦੀ ਸੋਚ ਦਾ ਸੁੰਦਰ ਪ੍ਰਤੀਕ

ਲੋਹੜੀ ਪੰਜਾਬ ਦਾ ਇੱਕ ਮਹੱਤਵਪੂਰਨ ਤਿਉਹਾਰ ਹੈ ਜੋ ਖੁਸ਼ੀ, ਉਮੀਦ ਅਤੇ ਨਵੀਂ ਸ਼ੁਰੂਆਤ ਦਾ ਸੰਦੇਸ਼ ਦਿੰਦਾ ਹੈ। ਇਹ ਤਿਉਹਾਰ ਪੰਜਾਬ ਹੀ ਨਹੀਂ, ਸਗੋਂ ਪੂਰੇ ਉੱਤਰ ਭਾਰਤ ਵਿੱਚ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਪਰ ਸਾਲਾਂ ਤੱਕ ਲੋਹੜੀ ਮਨਾਉਣ ਦੀ ਰੀਤ ਜ਼ਿਆਦਾਤਰ ਪੁੱਤਰ ਦੇ ਜਨਮ ਨਾਲ ਹੀ ਜੁੜੀ ਰਹੀ। ਧੀ ਦੇ ਜਨਮ 'ਤੇ ਸਮਾਜ ਵਿੱਚ ਖਾਮੋਸ਼ੀ ਜਾਂ ਉਦਾਸੀ ਵੇਖਣ ਨੂੰ ਮਿਲਦੀ ਸੀ, ਜੋ ਲਿੰਗ ਅਸਮਾਨਤਾ ਵਾਲੀ ਸੋਚ ਨੂੰ ਦਰਸਾਉਂਦੀ ਸੀ।

ਅੱਜ ਸਮਾਂ ਬਦਲ ਰਿਹਾ ਹੈ। ਹੁਣ ਧੀਆਂ ਨੂੰ ਪੁੱਤਰਾਂ ਦੇ ਬਰਾਬਰ ਸਮਝਿਆ ਜਾਣ ਲੱਗਾ ਹੈ। ਇਸ ਬਦਲਾਅ ਦੀ ਸਾਫ਼ ਮਿਸਾਲ ਹੈ ਧੀਆਂ ਦੀ ਲੋਹੜੀ ਮਨਾਉਣ ਦੀ ਪਰੰਪਰਾ। ਧੀ ਦੀ ਲੋਹੜੀ ਮਨਾਉਣਾ ਸਿਰਫ਼ ਇੱਕ ਰਸਮ ਨਹੀਂ, ਸਗੋਂ ਇਹ ਸਮਾਜ ਦੀ ਸੋਚ ਵਿੱਚ ਆ ਰਹੇ ਸਕਾਰਾਤਮਕ ਬਦਲਾਅ ਦਾ ਪ੍ਰਤੀਕ ਹੈ। ਇਹ ਸੰਦੇਸ਼ ਦਿੰਦਾ ਹੈ ਕਿ ਧੀ ਵੀ ਪਰਿਵਾਰ ਲਈ ਉਨੀ ਹੀ ਕੀਮਤੀ ਹੈ ਜਿੰਨਾ ਕਿ ਪੁੱਤਰ।

ਅੱਜ ਦੀ ਧੀ ਹਰ ਖੇਤਰ ਵਿੱਚ ਆਪਣੀ ਕਾਬਲੀਅਤ ਸਾਬਤ ਕਰ ਰਹੀ ਹੈ। ਸਿੱਖਿਆ, ਖੇਡਾਂ, ਵਿਗਿਆਨ ਅਤੇ ਪ੍ਰਸ਼ਾਸਨ ਵਿੱਚ ਧੀਆਂ ਅੱਗੇ ਵਧ ਰਹੀਆਂ ਹਨ। ਮੈਰੀ ਕਾਮ, ਸੁਨੀਤਾ ਵਿਲੀਅਮਜ਼, ਹਰਮਨਪ੍ਰੀਤ ਕੌਰ ਅਤੇ ਪੀ. ਟੀ. ਊਸ਼ਾ ਵਰਗੀਆਂ ਧੀਆਂ ਨੇ ਭਾਰਤ

ਦਾ ਨਾਮ ਦੁਨੀਆ ਭਰ ਵਿੱਚ ਰੌਸ਼ਨ ਕੀਤਾ ਹੈ। ਫਿਰ ਵੀ ਲਿੰਗ ਅਨੁਪਾਤ ਵਿੱਚ ਅਸਮਾਨਤਾ ਅਤੇ ਧੀਆਂ ਨਾਲ ਹੋ ਰਹੇ ਅਪਰਾਧ ਚਿੰਤਾ ਦਾ ਵਿਸ਼ਾ ਹਨ। ਇਸ ਲਈ ਧੀਆਂ ਦੀ ਲੋਹੜੀ ਮਨਾਉਣਾ ਇੱਕ ਜਾਗਰੂਕਤਾ ਦਾ ਸਾਧਨ ਵੀ ਬਣ ਸਕਦਾ ਹੈ।

ਲੋਹੜੀ ਦਾ ਤਿਉਹਾਰ ਪਰਿਵਾਰਕ ਇਕੱਠ ਨੂੰ ਮਜ਼ਬੂਤ ਕਰਦਾ ਹੈ। ਇਸ ਦਿਨ ਘਰ ਦੇ ਸਾਰੇ ਮੈਂਬਰ ਇਕੱਠੇ ਹੋ ਕੇ ਅੱਗ ਦੇ ਆਲੇ ਦੁਆਲੇ ਬੈਠਦੇ ਹਨ। ਦਾਦੇ-ਦਾਦੀਆਂ ਬੱਚਿਆਂ ਨੂੰ ਪੁਰਾਣੀਆਂ ਕਹਾਣੀਆਂ ਸੁਣਾਉਂਦੇ ਹਨ, ਜਿਸ ਨਾਲ ਪੀੜ੍ਹੀਆਂ ਵਿਚਕਾਰ ਪਿਆਰ ਅਤੇ ਸਾਂਝ ਵਧਦੀ ਹੈ। ਲੋਹੜੀ ਸਾਨੂੰ ਸਿਖਾਉਂਦੀ ਹੈ ਕਿ ਪਰਿਵਾਰ ਨਾਲ ਮਿਲ ਕੇ ਰਹਿਣਾ ਸਭ ਤੋਂ ਵੱਡੀ ਖੁਸ਼ੀ ਹੈ।

ਮੌਜੂਦਾ ਸਮੇਂ ਵਿੱਚ ਲੋਹੜੀ ਮਨਾਉਂਦੇ ਹੋਏ ਵਾਤਾਵਰਨ ਦੀ ਸੰਭਾਲ ਕਰਨੀ ਵੀ ਬਹੁਤ ਜ਼ਰੂਰੀ ਹੈ। ਵੱਧ ਲੱਕੜ ਸਾੜਨ ਦੀ ਥਾਂ ਥੋੜ੍ਹੀ ਅੱਗ ਬਾਲ ਕੇ ਤਿਉਹਾਰ ਮਨਾਇਆ ਜਾ ਸਕਦਾ ਹੈ। ਪਲਾਸਟਿਕ ਦੀ ਵਰਤੋਂ ਤੋਂ ਬਚ ਕੇ ਗੁੜ, ਮੂੰਗਫਲੀ ਅਤੇ ਰਿਉੜੀਆਂ ਵਰਗੀਆਂ ਕੁਦਰਤੀ ਚੀਜ਼ਾਂ ਵਰਤਣੀਆਂ ਚਾਹੀਦੀਆਂ ਹਨ। ਬੱਚਿਆਂ ਨੂੰ ਵੀ ਇਹ ਸਿੱਖਿਆ ਦੇਣੀ ਚਾਹੀਦੀ ਹੈ ਕਿ ਤਿਉਹਾਰ ਮਨਾਉਂਦੇ ਸਮੇਂ ਵਾਤਾਵਰਨ ਦੀ ਰੱਖਿਆ ਕਰਨੀ ਸਾਡੀ ਜ਼ਿੰਮੇਵਾਰੀ ਹੈ।

ਅੰਤ ਵਿੱਚ ਕਹਿ ਸਕਦੇ ਹਾਂ ਕਿ ਜਦੋਂ ਧੀ ਦੇ ਜਨਮ 'ਤੇ ਲੋਹੜੀ ਮਨਾਈ ਜਾਂਦੀ ਹੈ, ਤਾਂ ਉਹ ਸਿਰਫ਼ ਤਿਉਹਾਰ ਨਹੀਂ ਹੁੰਦਾ, ਸਗੋਂ ਬਰਾਬਰੀ, ਪਿਆਰ ਅਤੇ ਬਿਹਤਰ ਸਮਾਜ ਦੀ ਨੀਂਹ ਰੱਖਣ ਵਾਲੀ ਸੋਚ ਨੂੰ ਮਜ਼ਬੂਤ ਕਰਦਾ ਹੈ।

ਰਸ਼ਪਾਲ ਕੌਰ
ਅਧਿਆਪਕਾ (ਕਪੂਰਥਲਾ)

ਯੁੱਧ ਨਸ਼ਿਆਂ ਵਿਰੁੱਧ ਭਾਗ ਦੂਜਾ

ਯੁੱਧ ਚਲਾਉਣ ਦੀ ਦੁਬਾਰਾ ਲੋੜ ਕਿਉਂ ਪਈ?

ਬਲਬੀਰ ਸਿੰਘ ਬੱਬੀ

ਪਿਛਲੇ ਇਕ ਮਾਰਚ ਤੋਂ ਲਗਾਤਾਰ ਦਸ ਮਹੀਨੇ ਪੰਜਾਬ ਸਰਕਾਰ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚ ਯੁੱਧ ਨਸ਼ਿਆ ਵਿਰੁੱਧ ਚਲਾਇਆ ਗਿਆ ਜਿਸ ਵਿੱਚੋਂ ਸਰਕਾਰ ਨੂੰ ਸਫਲਤਾ ਤਾਂ ਮਿਲੀ ਪਰ ਉਹ ਗੱਲ ਨਹੀਂ ਮਿਲੀ ਜਿਹੜੀ ਪੰਜਾਬ ਵਾਸੀ ਚਾਹੁੰਦੇ ਸਨ। ਪਿਛਲੇ ਸਮੇਂ ਦੇ ਵਿੱਚ ਜਦੋਂ ਇਕ ਮਾਰਚ 2025 ਤੋਂ ਯੁੱਧ ਨਸ਼ਿਆਂ ਵਿਰੁੱਧ ਚੱਲਿਆ ਸੀ ਤਾਂ ਸਮੁੱਚੇ ਪੰਜਾਬ ਦੇ ਉਹਨਾਂ ਲੋਕਾਂ ਨੇ ਬੜੀ ਖੁਸ਼ੀ ਮਨਾਈ ਸੀ ਜਿਹੜੇ ਚੱਲ ਰਹੇ ਨਸ਼ਿਆਂ ਦੇ ਧੰਦੇ ਤੋਂ ਦੁਖੀ ਸਨ ਜਾਂ ਜਿਨਾਂ ਦੇ ਬੱਚੇ ਪਰਿਵਾਰਕ ਮੈਂਬਰ ਨਸ਼ਿਆਂ ਦੀ ਦਲਦਲ ਵਿੱਚ ਫਸੇ ਹੋਏ ਸਨ ਇਹ ਵੀ ਪਹਿਲੀ ਵਾਰ ਹੀ ਸੀ ਕਿ ਪੰਜਾਬ ਦੀ ਕਿਸੇ ਸਰਕਾਰ ਨੇ ਪਹਿਲੀ ਵਾਰ ਯੁੱਧ ਨਸ਼ਿਆਂ ਵਿਰੁੱਧ ਚਲਾਇਆ ਹੋਵੇ ਵਧੀਆ ਤਰੀਕੇ ਦੇ ਨਾਲ ਯੁੱਧ ਨਸ਼ਿਆਂ ਵਿਰੁੱਧ ਚੱਲਿਆ ਸਮੁੱਚੇ ਪੰਜਾਬ ਵਿੱਚ ਅਨੇਕਾਂ ਨਸ਼ਾ ਸਮਗਲਰ ਫੜੇ ਕਈਆਂ ਦੇ ਘਰ ਢਾਹੇ ਕਈਆਂ ਨੂੰ ਜੇਲ ਵਿੱਚ ਪਹੁੰਚਾਇਆ ਗਿਆ ਉਸ ਵੇਲੇ ਲੋਕ ਖੁਸ਼ ਹੋਏ ਸਨ ਕਿ ਚਲੋ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਯੁੱਧ ਤਾਂ ਨਸ਼ਿਆਂ ਵਿਰੁੱਧ ਲੜਿਆ ਪਰ ਇਸ ਯੁੱਧ ਨਸ਼ਿਆਂ ਵਿਰੁੱਧ ਦੀ ਜਲਦੀ ਹੀ ਫੂਕ ਨਿਕਲ ਗਈ ਜਦੋਂ ਜੇਲਾਂ ਵਿੱਚੋਂ ਵਾਪਸ ਆ ਕੇ ਫਿਰ ਇਹਨਾਂ ਨਸ਼ਾ ਸਮਗਲਰਾਂ ਨੇ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਕੁਝ ਲਾਲਚੀ ਖੁਦਗਰਜ਼ ਆਗੂਆਂ ਤੇ ਕੁਝ ਲਾਲਚੀ ਪੁਲਿਸ ਵਾਲਿਆਂ ਦੀ ਮਿਲੀ ਭੁਗਤ ਦੇ ਨਾਲ ਪੰਜਾਬ ਵਿੱਚ ਨਸ਼ੇ ਚੱਲੇ ਜਿਹੜੇ ਯੁੱਧ ਨਸ਼ਿਆਂ ਵਿਰੁੱਧ ਇਹ ਗੱਲਬਾਤ ਫੈਲੀ ਸੀ ਕਿ ਹੁਣ ਪੰਜਾਬ ਵਿੱਚ ਕਿਸੇ ਪਾਸੇ ਵੀ ਕੋਈ ਨਸ਼ਾ ਨਹੀਂ ਮਿਲੇਗਾ। ਆਹ ਨਹੀਂ ਹੋਵੇਗਾ ਉਹ ਨਹੀਂ ਹੋਵੇਗਾ ਇਸ ਤਰ੍ਹਾਂ ਨਹੀਂ ਹੋਇਆ ਸਗੋਂ ਇਥੋਂ ਤੱਕ ਕਿ ਨਸ਼ੇ ਪੰਜਾਬ ਦੇ ਪਿੰਡਾਂ ਦੀਆਂ ਗਲੀਆਂ ਮੁਹੱਲਿਆਂ ਵਿੱਚ ਅੱਪੜ ਗਏ ਤੇ ਮੋਬਾਇਲ ਫੋਨ ਦੇ ਉੱਪਰ ਇਹਨਾਂ ਦੀ ਸਪਲਾਈ ਹੋਣ ਲੱਗੀ। ਠੀਕ ਹੈ ਸਰਕਾਰ ਨਾਲ ਦੀ ਨਾਲ ਕਾਰਵਾਈ ਵੀ ਕਰਦੀ ਰਹੀ ਪਰ ਜਿਸ ਤਰ੍ਹਾਂ ਕਾਰਵਾਈ ਹੋਣੀ ਚਾਹੀਦੀ ਸੀ ਉਹ ਨਹੀਂ ਹੋਈ ਨਸ਼ਾ ਸਮਗਲਰ ਜੇਲ ਗਏ ਜਦੋਂ ਵਾਪਸ ਆਏ ਕਿਸੇ ਦੀ ਕੋਈ ਚੱਜ ਨਾਲ ਪੁੱਛ ਪੜਤਾਲ ਨਹੀਂ ਹੋਈ ਜੇ ਕਰ ਖਾੜਕੂਵਾਦ ਦੇ ਸਮੇਂ ਵਾਂਗ ਇਟੈਰੋਗੇਟ ਕੀਤੇ ਜਾਂਦੇ ਤਾਂ ਸ਼ਾਇਦ ਨਸ਼ਾ ਮੁੜ ਪੈਰ ਨਾ ਪਸਾਰਦਾ ਜਿਹੜੇ ਹਿਸਾਬ ਨਾਲ ਹੁਣ ਪਸਾਰਿਆਂ ਹੋਇਆ ਹੈ। ਸਾਡੇ ਇਹ ਵੀ ਧਾਰਨਾ ਹੈ ਕਿ ਜਿਹੜਾ ਵਿਦਿਆਰਥੀ ਆਪਣੀ ਜਮਾਤ ਵਿੱਚੋਂ ਪਹਿਲੀ ਵਾਰ ਪਾਸ ਨਹੀਂ ਹੁੰਦਾ ਉਹ ਨਲਾਇਕ ਹੁੰਦਾ ਹੈ ਤੇ ਨਲਾਇਕ ਮੁੜ ਫਿਰ ਪਿਛਲੀ ਜਮਾਤ ਵਿੱਚ ਹੀ ਬੈਠਦਾ ਹੈ ਮੈਂ ਜਿਹੜਾ ਪੰਜਾਬ ਦਾ ਜੋ ਨਸ਼ਿਆ ਵਿਰੁੱਧ ਦੂਜਾ ਪੜਾਅ ਚਲਿਆ ਹੈ ਇਸ ਨੂੰ ਇਸ ਨਜ਼ਰ ਨਾਲ ਹੀ ਦੇਖਦਾ ਹਾਂ ਇਸ ਵਿੱਚ ਕੋਈ ਸ਼ੱਕ ਵੀ ਨਹੀਂ ਪੁਲਿਸ ਦੇ ਵਿੱਚ ਬਹੁਤ ਪੁਲਸ ਅਫਸਰ ਅਧਿਕਾਰੀ ਚੰਗੇ ਵੀ ਹਨ ਤੇ ਬਹੁਤ ਮਾੜੇ ਵੀ ਜਿਸ ਕਾਰਨ ਸਰਕਾਰਾਂ ਦੀਆਂ ਅਜਿਹੀਆਂ ਕਾਰਵਾਈਆਂ ਦੀ ਫੂਕ ਜਲਦੀ ਹੀ ਨਿਕਲ ਜਾਂਦੀ ਹੈ ਤੇ ਇਸੇ ਤਰ੍ਹਾਂ ਯੁੱਧ ਨਸ਼ਿਆਂ ਵਿਰੁੱਧ ਦੀ ਫੂਕ ਵੀ ਨਿਕਲ ਗਈ।

ਅੱਜ ਜਦੋਂ ਫਗਵਾੜੇ ਦੀ ਲਵਲੀ ਯੂਨੀਵਰਸਿਟੀ ਕੈਂਪਸ ਦੇ ਵਿੱਚ ਦੂਜਾ ਪੜਾਅ ਸ਼ੁਰੂ ਹੋਇਆ ਹੈ ਉਸ ਵਿੱਚ ਸਾਰਿਆਂ ਬੁਲਾਰਿਆਂ ਨੇ ਗੱਲਾਂ ਤਾਂ ਵੱਡੀਆਂ ਵੱਡੀਆਂ ਕੀਤੀਆਂ ਪਰ ਜੇਕਰ ਉਹਨਾਂ ਦੀਆਂ ਗੱਲਾਂ ਅਨੁਸਾਰ ਚਲਿਆ ਜਾਵੇ ਸੋਚਿਆ ਜਾਵੇ ਤਾਂ ਫਿਰ ਪੰਜਾਬ ਵਿੱਚ ਨਸ਼ਿਆਂ ਦੇ ਦੂਜੇ ਪੜਾਅ ਦੀ ਲੋੜ ਹੀ ਨਾ ਪੈਂਦੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿੱਚ ਨਸ਼ਿਆਂ ਦੀ ਵੱਡੀ ਸਮੱਸਿਆ ਹੈ ਇਸ ਸਮੱਸਿਆ ਨੂੰ ਠੱਲ ਪਾਉਣ ਲਈ ਸਰਕਾਰ ਨੇ ਜੋ ਉਪਰਾਲਾ ਉਪਰਲੇ ਲੈਵਲ ਤੋਂ ਕੀਤਾ ਹੈ ਹੇਠਾਂ ਪਿੰਡਾਂ ਤੱਕ ਇਸ ਤਰਹਾਂ ਹੀ ਹੋਣਾ ਚਾਹੀਦਾ ਹੈ। ਜਿਹੜੀ ਗੱਲ ਐਸਐਸਪੀ ਦਫਤਰਾਂ ਵਿੱਚ ਹੁੰਦੀ ਹੈ ਉਹ ਡੀਐਸਪੀ ਦਫਤਰਾਂ ਵਿੱਚ ਹੋਵੇ ਉਸ ਤੋਂ ਬਾਅਦ ਪੁਲਿਸ ਥਾਣਿਆਂ ਵਿੱਚ ਹੋਵੇ ਤੇ ਪੁਲਿਸ ਚੌਂਕੀਆਂ ਵਿੱਚ ਹੋਵੇ ਤਾਂ ਕਿਤੇ ਜਾ ਕੇ ਠੱਲ ਪੈ ਸਕਦੀ ਹੈ। ਇਥੇ ਇਕ ਹੋਰ ਵੀ ਸਵਾਲ ਪੈਦਾ ਹੁੰਦਾ ਹੈ ਕਿ ਪਿਛਲੇ ਸਮੇਂ ਦੇ ਵਿੱਚ ਜਿਨਾਂ ਵਿਅਕਤੀਆਂ ਨੇ ਨਸ਼ੇ ਸਬੰਧੀ ਸੂਚਨਾ ਦਿੱਤੀ ਸੀ ਨਸ਼ੇ ਦੇ ਤਸਕਰਾਂ ਨੇ ਕਈਆਂ ਨੂੰ ਜਾਨੋ ਮਾਰ ਦਿੱਤਾ ਕਈ ਜ਼ਖਮੀ ਕਰ ਦਿੱਤੇ ਘਰਾਂ ਉੱਤੇ ਹਮਲੇ ਹੋਏ ਹੋਰ ਬਹੁਤ ਨੁਕਸਾਨ ਹੋਇਆ ਜਿਹਨਾਂ ਲੋਕਾਂ ਨੇ ਇਹ ਨੁਕਸਾਨ ਕੀਤਾ ਉਹਨਾਂ ਉਪਰ ਕੋਈ ਬਹੁਤੀ ਕਾਰਵਾਈ ਵੀ ਨਹੀਂ ਹੋਈ ਕਿਉਂਕਿ ਇਹਨਾਂ ਨਸ਼ੇ ਵਾਲਿਆਂ ਦੇ ਨਾਲ ਕੁਝ ਪੁਲਿਸ ਵਾਲਿਆਂ ਦਾ ਗਠਜੋੜ ਸੀ ਇਹੋ ਜਿਹੀਆਂ ਸ਼ੰਕਾਵਾਂ ਨੇ ਆਪਣੇ ਆਪ ਹੀ ਕਈ ਗੱਲਾਂ ਨੂੰ ਜਨਮ ਦਿੰਦੀਆਂ ਹਨ।

ਅਸੀਂ ਪੰਜਾਬ ਵਿੱਚ ਚੱਲ ਰਹੇ ਨਸ਼ੇ ਦੇ ਬਿਲਕੁਲ ਵਿਰੁੱਧ ਹਾਂ ਸਰਕਾਰ ਦੇ ਇਸ ਕੰਮ ਦੀ ਸਰਾਹਨਾ ਕਰਦੇ ਹਾਂ ਪਰ ਜੇਕਰ ਇਸ ਨੂੰ ਠੱਲ ਪਾਉਣੀ ਹੈ ਤਾਂ ਬਾਰੀਕੀ ਦੇ ਨਾਲ ਕੰਮ ਕਰਨਾ ਚਾਹੀਦਾ ਹੈ ਇਹ ਨਾ ਹੋਵੇ ਕਿ ਆਪਣੀ ਪਿੱਠ ਥਪਥਪਾਉਂਦੇ ਹੋਏ ਰਹਿ ਜਾਈਏ ਤੇ ਨਸ਼ੇ ਫਿਰ ਉਸੇ ਤਰ੍ਹਾਂ ਹੀ ਚੱਲਣ ਲੱਗ ਜਾਣ। ਪੰਜਾਬ ਸਰਕਾਰ ਨੇ ਜਿਹੜਾ ਯੁੱਧ ਨਸ਼ਿਆਂ ਵਿਰੁੱਧ ਪਿਛਲੀ ਵਾਰ ਚਲਾਇਆ ਸੀ ਉਸ ਵਿੱਚ ਕੀ ਉਣਤਾਈਆਂ ਸਨ ਨਸ਼ੇ ਪੰਜਾਬ ਵਿੱਚ ਦੁਬਾਰਾ ਕਿਸ ਦੀ ਸ਼ਹਿ ਹੇਠ ਚੱਲੇ ਨਸ਼ਿਆਂ ਦਾ ਕੰਮ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਕਿਉਂ ਨਹੀਂ ਹੋਈ ਨਸ਼ੇ ਰੁਕਣ ਦੀ ਬਜਾਏ ਪਿੰਡਾਂ ਸ਼ਹਿਰੀ ਮਹੱਲਿਆਂ ਦੇ ਘਰਾਂ ਗਲੀਆਂ ਤੱਕ ਕਿਵੇਂ ਪੁੱਜ ਗਏ ਇਨ੍ਹਾਂ ਗੱਲਾਂ ਦੇ ਉੱਪਰ ਗੌਰ ਕਰਨ ਦੀ ਸਖਤ ਜਰੂਰਤ ਹੈ ਨਹੀਂ ਤਾਂ ਜਿਸ ਤਰ੍ਹਾਂ ਪਹਿਲਾਂ ਯੁੱਧ ਨਸ਼ਿਆਂ ਵਿਰੁੱਧ ਲੜਿਆ ਹੈ ਮੁੜ ਉਸੇ ਤਰ੍ਹਾਂ ਹੀ ਦੂਜੇ ਪੜਾਅ ਵਾਲਾ ਯੁੱਧ ਵੀ ਖਰਾਬ ਨਾ ਹੋ ਜਾਵੇ।

700910730

ਨਿਮਰਤਾ ਦਾ ਫਲ

ਅਰਬੀ ਦੇਸ਼ ਵਿਚ ਮਾਮੂ ਅਲ-ਰਾਸ਼ੀਦ ਨਾਮ ਦਾ ਰਾਜਾ ਬਹੁਤ ਦੇਰ ਤੋਂ ਰਾਜ ਕਰਦਾ ਸੀ। ਇਕ ਦਿਨ ਉਸ ਦਾ ਦਰਬਾਰ ਲੱਗਾ ਹੋਇਆ ਸੀ। ਰਾਜੇ ਦੇ ਦਰਬਾਰ ਵਿਚ ਇਕ ਆਦਮੀ ਆਇਆ ਜੋ ਲੋਕਾਂ ਦੀਆਂ ਦੁੱਖ ਤਕਲੀਫਾਂ ਅਕਸਰ ਸੁਣਦਾ ਹੁੰਦਾ ਸੀ। ਉਸ ਆਦਮੀ ਨੇ ਦਰਬਾਰ ਦੇ ਅੰਦਰ ਬੋਲਣ ਦੀ ਆਗਿਆ ਮੰਗੀ, ਪਹਿਲਾਂ ਰਾਜੇ ਵਲੋਂ ਉਸ ਆਦਮੀ ਦਾ ਸੁਆਗਤ ਕੀਤਾ ਗਿਆ ਫਿਰ ਉਸ ਨੂੰ ਬੋਲਣ ਦੀ ਆਗਿਆ ਦਿਤੀ ਗਈ। ਲੋਕਾਂ ਦੀ ਅਗਵਾਈ ਕਰਨ ਵਾਲਾ ਉਹ ਆਦਮੀ ਬੋਲਿਆ ਕਿ "ਅਸੀ ਹਜੂਰ ਨੂੰ ਸ਼ਕਾਇਤ ਦੇਣ ਆਏ ਹਾਂ ਕਿ ਸਾਡੇ ਸੂਬੇ ਦਾ ਗਵਰਨਰ ਬਹੁਤ ਹੀ ਜਾਲਿਮ ਹੈ। ਉਹ ਜਨਤਾ ਦੇ ਦੁਖ ਦੂਰ ਕਰਨ ਦੇ ਬਜਾਇ ਹੋਰ ਵੀ ਦੁੱਖ ਜਿਆਦਾ ਵਧਾ ਰਿਹਾ ਹੈ। ਸੂਬੇ ਵਿਚ ਚਾਰੇ ਪਾਸੇ ਰਿਸ਼ਵਤਖੋਰੀ, ਦੁਸ਼ਮਣਬਾਜ਼ੀ ਦਾ ਆਲਮ ਛਾਇਆ ਹੋਇਆ ਹੈ। ਉਸ ਗਵਰਨਰ ਨੂੰ ਜਲਦੀ ਤੋਂ ਜਲਦੀ ਬਰਖਾਸਤ ਕੀਤਾ ਜਾਏ।"

ਰਾਜਾ ਇਹ ਸੱਭ ਕੁਝ ਸੁਣ ਕੇ ਲਾਲ ਪੀਲਾ ਹੋ ਗਿਆ। ਉਸ ਨੂੰ ਲਗਿਆ ਕਿ ਸ਼ਕਾਇਤ ਕਰਨ ਵਾਲੇ ਆਦਮੀ ਦਾ ਲਹਿਜਾ ਠੀਕ ਨਹੀ ਹੈ। ਰਾਜੇ ਨੇ ਉਸ ਆਦਮੀ ਨੂੰ ਕਿਹਾ ਕਿ "ਤੁਸੀ ਉਸ ਆਦਮੀ ਗਵਰਨਰ ਦੇ ਉਪਰ ਝੂਠੇ ਇਲਜ਼ਾਮ ਲਗਾ ਰਹੇ ਹੋ। ਉਹ ਆਦਮੀ ਤਾਂ ਬੜਾ ਹੀ ਇਮਾਨਦਾਰ ਅਤੇ ਇਨਸਾਫ ਕਰਨ ਵਾਲਾ ਆਦਮੀ ਹੈ। ਉਸ ਦੀ ਇਮਾਨਦਾਰੀ ਦੀ ਚਰਚਾ ਤਾਂ ਪਹਿਲਾਂ ਵੀ ਮੈ ਕਈ ਬਾਰ ਸੁਣ ਚੁੱਕਿਆ ਹਾਂ। ਇਸ ਤਰਾਂ ਦੇ ਭਲੇ ਪੁਰਸ਼ ਤੇ ਇਲਜ਼ਾਮ ਲਾਉਦੇ ਹੋਏ ਤੁਹਾਨੂੰ ਸ਼ਰਮ ਨਹੀ ਆਉਦੀ।"

ਇਹ ਸੁਣ ਕੇ ਉਸ ਦੇ ਨਾਲ ਆਏ ਲੋਕਾਂ ਦੇ ਵੀ ਮੂੰਹ ਖੁੱਲੇ ਦੇ ਖੁੱਲੇ ਹੀ ਰਹਿ ਗਏ। ਕੁਝ ਦੇਰ ਤੱਕ ਤਾਂ ਸਾਰੇ ਦਰਬਾਰ ਵਿਚ ਛਨਾਟਾ ਜਿਹਾ ਛਾ ਗਿਆ। ਉਸ ਤੋਂ ਕੁਝ ਦੇਰ ਬਾਅਦ ਸਾਰੇ ਦਰਬਾਰ ਵਿਚੋਂ ਇਕ ਬਜੁਰਗ ਉਠਿਆ ਤਾਂ ਹੱਥ ਜੋੜ ਕੇ ਬੋਲਣ ਲੱਗਿਆ, "ਗਲਤੀ ਲਈ ਅਸੀ ਮੁਆਫੀ ਮੰਗਦੇ ਹਾਂ ਹਜੂਰ! ਤੁਹਾਡਾ ਜੋ ਵੀ ਕਿਹਾ ਸਿਰ ਮੱਥੇ ਪਰ ਹੱਥ ਜੋੜ ਕੇ ਬੇਨਤੀ ਹੈ ਕਿ ਜਨਤਾ ਇਹ ਚਾਹੁੰਦੀ ਹੈ ਕਿ ਉਸ ਇਮਾਨਦਾਰ ਹਾਕਮ ਦਾ ਤਬਾਦਲਾ ਕਿਸੇ ਹੋਰ ਸੂਬੇ ਵਿਚ ਕਰ ਦਿਤਾ ਜਾਏ ਤਾਂ ਕਿ ਉਸ ਸੂਬੇ ਦੀ ਜਨਤਾ ਵੀ ਇਸ ਇਮਾਨਦਾਰ ਹਾਕਮ ਦਾ ਫਾਇਦਾ ਲੈ ਸਕੇ। ਅਸੀ ਤਾਂ ਉਸ ਭਲੇ ਪੁਰਸ਼ ਦਾ ਕਈ ਵਰ੍ਹਿਆਂ ਤੋਂ ਫਾਇਦਾ ਲੈਦੇ ਆ ਰਹੇ ਹਾਂ। ਅਲ੍ਹਾਂ ਤੁਹਾਨੂੰ ਅਤੇ ਉਸ ਗਵਰਨਰ ਨੂੰ ਸਹੀ ਸਲਾਮਤ ਰੱਖੇ।" ਉਸ ਬਜੁਰਗ ਦੀ ਗਲ ਸੁਣ ਕੇ ਰਾਜਾ ਬਹੁਤ ਸ਼ਰਮਿੰਦਾ ਹੋ ਗਿਆ। ਰਾਜੇ ਨੇ ਤੁਰੰਤ ਹੀ ਉਸ ਗਵਰਨਰ ਨੂੰ ਆਹੁਦੇ ਤੋਂ ਹਟਾਉਣ ਦੇ ਹੁਕਮ ਜਾਰੀ ਕਰ ਦਿਤੇ।

ਇਹ ਪ੍ਰਸੰਗ ਸਾਨੂੰ ਇਹ ਸੰਦੇਸ਼ ਦਿੰਦਾ ਹੈ ਕਿ ਨਿਮ-ਰਤਾ ਸਾਡੀ ਵੱਡੀ ਤੋਂ ਵੱਡੀ ਮੰਗ ਨੂੰ ਮੰਨਵਾ ਸਕਦੀ ਹੈ।

ਚੌਧਰੀ ਅਮਰਜੀਤ ਚੰਦਰ
9417600014

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ
ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ

ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ
ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ
ਲਈ ਅਤੇ ਵੈਬਸਾਈਟ ਤੇ
ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com